ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

*Since April 2005* Editor : Sharanjit Singh Thind *Weekly*

Vol. 20 Issue 40 Friday July 28 to 3 August, 2023 Published Weekly from New York www.PUNJABIDUNIYA.com







# ਖਾਲਿਸਤਾਨੀ ਪੰਨੂ ਵੱਲੋਂ ਲਾਲ ਕਿਲ੍ਹੇ ਨੂੰ ਨਿਸ਼ਾਨਾ ਬਣਾਉਣ ਦੀ ਚੇਤਾਵਨੀ, ਮੋਦੀ, ਅਮਿਤ ਸ਼ਾਹ ਤੇ ਜੈਸ਼ੰਕਰ ਨੂੰ ਧਮਕੀ






ਚੰਡੀਗੜ੍ਹ- ਖਾਲਿਸਤਾਨੀ ਸੰਗਠਨ ਸਿੱਖ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੇ ਇੱਕ ਵਾਰ ਫਿਰ ਭਾਰਤ ਨੂੰ ਤੋੜਨ ਦੀ ਧਮਕੀ ਦਿੱਤੀ ਹੈ। ਪੰਨੂ ਨੇ ਇੱਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿੱਚ ਉਹ ਆਜ਼ਾਦੀ ਦਿਵਸ ’ਤੇ ਲਾਲ ਕਿਲ੍ਹੇ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦੇ ਰਿਹਾ ਹੈ। ਪੰਨੂ ਨੇ ਨਵੀਂ ਵੀਡੀਓ ਜਾਰੀ ਕਰਕੇ ਭਾਰਤੀਆਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ।ਪੰਨੂ ਦਾ ਕਹਿਣਾ ਹੈ ਕਿ ਭਾਰਤੀ ਏਜੰਸੀਆਂ 15 ਅਗਸਤ ਨੂੰ ਲਾਲ ਕਿਲ੍ਹੇ ’ਤੇ ਕੁਝ ਗਲਤ ਕਰ ਸਕਦੀਆਂ ਹਨ ਤੇ ਇਸ ਦਾ ਸਾਰਾ ਇਲਜ਼ਮ ਸਿੱਖਾਂ ਉੱਤੇ ਪਾ ਸਕਦੀਆਂ ਹਨ। SFJ ਦੀ ਤਰਫੋਂ, ਭਾਰਤ ਦੇ ਲੋਕਾਂ ਨੂੰ ਇਸ ਦਿਨ ਘਰਾਂ ਵਿੱਚ ਰਹਿਣ ਦੀ ਹਦਾਇਤ ਕੀਤੀ ਗਈ ਹੈ। ਉਸ ਨੇ ਇਹ ਵੀ ਕਿਹਾ ਕਿ ਉਸ ਦੀ ਦਿੱਲੀ ਤੇ ਭਾਰਤ ਦੇ ਲੋਕਾਂ ਦੇ ਨਾਲ ਕੋਈ ਦੁਸ਼ਮਣੀ ਨਹੀਂ ਹੈ।

ਉਸ ਦੇ ਨਾਲ ਹੀ ਪੰਨੂ ਨੇ ਦੇਸ਼ ਨੂੰ ਟੁਕੜਿਆਂ ਵਿੱਚ ਵੰਡ ਕੇ ਭਾਰਤ ਦੀ ਪਛਾਣ ਨੂੰ ਤਬਾਹ ਕਰਨ ਦੀ ਗੱਲ ਕੀਤੀ ਹੈ। ਉਹ ਪੰਜਾਬ ਨੂੰ ਵੱਖ ਕਰਕੇ ਖਾਲਿਸਤਾਨ ਬਣਾਉਣ ਦੀ ਗੱਲ ਵੀ ਕਰ ਰਿਹਾ ਹੈ। ਪੰਨੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਿਹ ਮੰਤਰੀ ਅਮਿਤ ਸ਼ਾਹ ਤੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਵੀ ਧਮਕੀ ਦਿੱਤੀ ਹੈ। ਪੰਨੂ ਨੇ ਕਿਹਾ ਕਿ SFJ ਉਨ੍ਹਾਂ ਦੇ ਲਈ ਭਾਰਤ ਆ ਰਿਹਾ ਹੈ। ਉਸ ਨੇ 15 ਅਗਸਤ ਨੂੰ ਤਿਰੰਗੇ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਵੀ ਦਿੱਤੀ ਹੈ।

ਪੰਨੂ ਪਹਿਲਾਂ ਵੀ ਕਈ ਵਾਰ ਧਮਕੀਆਂ ਦੇ ਚੁੱਕੇ ਹਨ। ਪੰਨੂ ਨੇ ਕਰੀਬ 4 ਦਿਨ ਪਹਿਲਾਂ ਵਿਦੇਸ਼ਾਂ ਵਿਚ ਭਾਰਤੀ ਦੂਤਾਵਾਸ ਦੇ ਦਫ਼ਤਰ ਤੋਂ ਤਿਰੰਗਾ ਉਤਾਰ ਕੇ SFJ ਵੱਲੋਂ ਖਾਲਿਸਤਾਨੀ ਝੰਡਾ ਲਹਿਰਾਉਣ ਦੀ ਧਮਕੀ ਦੇਣ ਵਾਲੀ ਵੀਡੀਓ ਜਾਰੀ ਕੀਤੀ ਸੀ, ਜਿਸ ਤੋਂ ਬਾਅਦ ਭਾਰਤ ਦੀਆਂ ਖੁਫੀਆ ਏਜੰਸੀਆਂ ਵਿਦੇਸ਼ਾਂ ਵਿਚ ਖਾਲਿਸਤਾਨੀ ਸਮਰਥਕਾਂ ਤੇ ਨਜ਼ਰ ਰੱਖ ਰਹੀਆਂ ਹਨ।

## ਮਨੀਪੁਰ ਘਟਨਾ ਬਾਰੇ ਔਰਤਾਂ ਦਾ ਦਾਅਵਾ, ਪੁਲਸ ਮੌਕੇ ’ਤੇ ਸੀ ਮੌਜੂਦ ਪਰ ਨਹੀ ਦਿੱਤਾ ਦਖਲ




ਇੰਫਾਲ: ਮਨੀਪੁਰ ’ਚ ਵਾਪਰੀ ਸ਼ਰਮਨਾਕ ਘਟਨਾ ਦੇ ਵਿਚਕਾਰ ਮਨੀਪੁਰ ਪੁਲਿਸ @ਤੇ ਗੰਭੀਰ ਦੋਸ਼ ਲਗਾਏ ਗਏ ਹਨ। ਹਿੰਸਾ ਬਾਰੇ ਪੀੜਤ ਔਰਤਾਂ ਨੇ ਇੱਕ ਵੀਡੀਉ ਵਿੱਚ ਦਾਅਵਾ ਕੀਤਾ ਹੈ ਕਿ ਜਦੋਂ ਉਨ੍ਹਾਂ ਨਾਲ ਇਹ ਕਰੂਰਤਾ ਹੋ ਰਹੀ ਸੀ ਤਾਂ ਪੁਲਿਸ ਉੱਥੇ ਮੌਜੂਦ ਸੀ। ਪਰ ਪੁਲਿਸ ਨੇ ਉਨ੍ਹਾਂ ਦੀ ਕਿਸੇ ਤਰ੍ਹਾਂ ਦੀ ਮਦਦ ਨਹੀਂ ਕੀਤੀ, ਸਗੋਂ ਉਹ ਮੂਕ ਦਰਸ਼ਕ ਬਣੇ ਰਹੇ। ਔਰਤਾਂ ਦਾ ਦਾਅਵਾ ਹੈ ਕਿ ਭੀੜ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਕਿਸੇ ਇਕਾਂਤ ਥਾਂ @ਤੇ ਲਿਜਾ ਕੇ ਉਨ੍ਹਾਂ ’ਤੇ ਤਸ਼ੱਦਦ ਕੀਤਾ। ਹਮਲਾਵਰਾਂ ਵਿੱਚੋਂ ਇੱਕ ਨੇ ਹੋਰ ਲੋਕਾਂ ਨੂੰ ਤਸ਼ੱਦਦ ਵਿੱਚ ਸ਼ਾਮਲ ਹੋਣ ਲਈ ਕਿਹਾ। ਇਸ ਦੇ ਨਾਲ ਹੀ ਪੀੜਤਾਂ ਨੇ ਦਾਅਵਾ ਕੀਤਾ ਕਿ ਕੁਝ ਮੈਤੇਈ ਲੋਕਾਂ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਫਲ ਨਹੀਂ ਹੋ ਸਕੇ।

ਸੂਤਰਾਂ ਅਨੁਸਾਰ ਹਿੰਸਾ ਦਾ ਸ਼ਿਕਾਰ ਹੋਈ ਇੱਕ ਔਰਤ ਨੇ ਕਿਹਾ, ਮਨੀਪੁਰ ਪੁਲਿਸ ਨੇ ਘਟਨਾ ਦੌਰਾਨ ਉਸ ਦੀ ਕੋਈ ਸਹਾਇਤਾ ਨਹੀਂ ਕੀਤੀ। ਇਕ ਹੋਰ ਔਰਤ ਨੇ ਦਾਅਵੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਸ ਨੇ ਇਕ ਕਾਰ ਵਿਚ ਚਾਰ ਪੁਲਸ ਕਰਮਚਾਰੀਆਂ ਨੂੰ ਦੇਖਿਆ ਸੀ, ਜਿਨ੍ਹਾਂ ਨੇ ਉਸ ਦੀ ਮਦਦ ਨਹੀਂ ਕੀਤੀ। ਵਰਣਨਯੋਗ ਹੈ ਕਿ ਸਿਰਫ ਔਰਤਾਂ ਨਾਲ ਦੁਰਵਿਵਹਾਰ ਅਤੇ ਹਮਲਾ ਹੀ ਨਹੀਂ ਹੋਇਆ, ਭੀੜ ਦੇ ਹਮਲੇ ਵਿਚ ਪੀੜਤਾਂ ਵਿਚੋਂ ਇਕ ਦੇ ਪਿਤਾ ਅਤੇ ਭਰਾ ਦੀ ਵੀ ਮੌਤ ਹੋ ਗਈ ਹੈ।

ਸੂਤਰਾਂ ਮੁਤਾਬਕ ਇਹ ਘਟਨਾ 4 ਮਈ ਦੀ ਦੱਸੀ ਜਾ ਰਹੀ ਹੈ। ਕਾਂਗਪੋਕਪੀ ਜ਼ਿਲੇ ਦੇ ਬੀ ਫੇਨੋਮ ਪਿੰਡ ਦੇ ਵਸਨੀਕਾਂ ਨੂੰ ਪਹਿਲਾਂ ਉਨ੍ਹਾਂ ਦੇ ਮੈਤੇਈ ਗੁਆਂਢੀਆਂ ਨੇ ਚੇਤਾਵਨੀ ਦਿੱਤੀ ਸੀ। ਕੁਕੀ ਪਿੰਡ ਵਾਸੀਆਂ ਨੇ ਪਿੰਡ ਛੱਡ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਵੀਡੀਉ ਵਿੱਚ ਕੈਦ ਹੋਈਆਂ ਦੋ ਔਰਤਾਂ ਦੇ ਪਰਿਵਾਰ ਵਾਲੇ ਭੱਜਣ ਵਿੱਚ ਅਸਮਰਥ ਰਹੇ ਅਤੇ ਭੀੜ ਦੀ ਬੇਰਹਿਮੀ ਦਾ ਸ਼ਿਕਾਰ ਹੋ ਗਏ। ਪੁਲਿਸ ਕੋਲ ਦਰਜ ਕਰਵਾਈ ਗਈ ਅਧਿਕਾਰਤ ਸ਼ਿਕਾਇਤ ਤੋਂ ਪਤਾ ਲੱਗਾ ਹੈ ਕਿ ਹਮਲੇ ਦੌਰਾਨ ਮੈਤੇਈ ਦੀ ਭੀੜ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਸੀ।

## ਪੰਜਾਬ ਸਰਕਾਰ ਨੇ 12500 ਕੱਚੇ ਅਧਿਆਪਕਾਂ ਨੂੰ ਕੀਤਾ ਪੱਕਾ

ਚੰਡੀਗੜ੍ਹ- ਪੰਜਾਬ ਦੇ ਕੱਚੇ ਮੁਲਾਜ਼ਮਾਂ ਲਈ ਅੱਜ ਵੱਡਾ ਦਿਨ ਹੈ। ਪੰਜਾਬ ਸਰਕਾਰ ਨੇ 12500 ਕੱਚੇ ਅਧਿਆਪਕਾਂ ਨੂੰ ਪੱਕਾ ਕਰ ਦਿੱਤਾ ਹੈ। ਕੱਚੇ ਅਧਿਆਪਕਾਂ ਦੀ ਇਹ ਮੰਗ ਪਿਛਲੇ 10 ਸਾਲਾਂ ਤੋਂ ਲਟਕਦੀ ਆ ਰਹੀ ਸੀ। ਇਸ ਤੋਂ ਬਾਅਦ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਇਨ੍ਹਾਂ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੀ ਸਰਕਾਰਾਂ ਇਨ੍ਹਾਂ ਅਧਿਆਪਕਾਂ ਨਾਲ ਕੋਝਾ ਮਜ਼ਾਕ ਖੇਡ ਰਹੀਆਂ ਸਨ। ਉਨ੍ਹਾਂ ਨੂੰ ਬਹੁਤ ਘੱਟ ਤਨਖਾਹ ’ਤੇ ਕੰਮ ਕਰਨਾ ਪੈਂਦਾ ਸੀ ਤੇ ਆਪਣੇ ਹੱਕ ਮੰਗਣ ਉੱਤੇ ਇਨ੍ਹਾਂ ਨੂੰ ਪੁਲਿਸ ਤੋਂ ਡੰਡੇ ਵੀ ਖਾਣੇ ਪੈਂਦੇ ਸੀ। ਜੇ ਇਨ੍ਹਾਂ ਨੂੰ ਪੱਕੇ ਕਰਨ ਦੀ ਗੱਲ ਆਉਂਦਾ ਤਾਂ ਅਫ਼ਸਰ ਇਸ ਮਾਮਲੇ ਵਿੱਚ ਕਈ ਕਾਨੂੰਨੀ ਪੇਚ ਸਾਹਮਣੇ ਲੈ ਆਉਂਦੇ ਸੀ। ਪਰ ਮੈਂ ਅਫ਼ਸਰਾਂ ਨੂੰ ਸਾਫ਼ ਕਹਿ ਦਿੱਤਾ ਕਿ ਉਨ੍ਹਾਂ ਨੂੰ ਪੱਕਾ ਕਰਨਾ ਪਵੇਗਾ। ਸਰਕਾਰਾਂ ਕੋਲ ਪੈਸਾ ਤਾਂ ਬਹੁਤ ਹੁੰਦਾ ਹੈ ਪਰ ਨੀਅਤ ਸਾਫ਼ ਹੋਣੀ ਚਾਹੀਦੀ ਹੈ।ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਬੱਸਾਂ ਲਗਾਈਆਂ ਜਾਣਗੀਆਂ। ਪਾਇਲਟ ਪ੍ਰੋਜੈਕਟ ਸ਼ੁਰੂ ਕਰਾਂਗਾ। ਇਹ 15 ਲੜਕੀਆਂ ਦੇ ਸਕੂਲਾਂ ਵਿੱਚ ਅਤੇ ਸਕੂਲ ਆਫ ਐਮੀਨੈਂਸ ਵਿੱਚ ਸ਼ੁਰੂ ਕੀਤਾ ਜਾਵੇਗਾ। ਪਾਇਲਟ ਪ੍ਰੋਜੈਕਟ ’ਤੇ 21 ਕਰੋੜ ਰੁਪਏ ਖਰਚ ਕੀਤੇ ਜਾਣਗੇ।




# ਸਟੱਡੀ ਵੀਜ਼ਾ ਦੀ ਅਧੂਰੀ ਜਾਣਕਾਰੀ ਕਾਰਨ ਪੰਜਾਬੀਆਂ ਦਾ ਹਰ ਸਾਲ ਹੋ ਰਿਹੈ ਕਰੋੜਾਂ ਦਾ ਨੁਕਸਾਨ

ਜਲੰਧਰ: ਬੇਸ਼ੱਕ ਪੰਜਾਬ ਤੋਂ ਹਰ ਸਾਲ ਲਗਭਗ ਇੱਕ ਲੱਖ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਆ ਰਹੇ ਹਨ। ਪਰ ਅਧੂਰੀ ਸਲਾਹ ਕਾਰਨ ਲਗਭਗ ਹਰ ਵਾਰ ਅਨੇਕਾਂ ਵਿਦਿਆਰਥੀਆਂ ਨੂੰ ਵੀਜ਼ਾ ਹੀ ਨਹੀਂ ਮਿਲ ਰਿਹਾ, ਖ਼ਾਸ ਤੌਰ ’ਤੇ ਆਸਟ੍ਰੇਲੀਆ ਜਾਣ ਵਾਲੇ ਵਿਦਿਆਰਥੀਆਂ ਨੂੰ। ਇਸ ਨਾਲ ਵਿਦਿਆਰਥੀਆਂ ’ਚ ਨਿਰਾਸ਼ਾ ਤਾਂ ਬਣੀ ਹੀ, ਨਾਲ ਹੀ ਉਨ ਾਂ ਦਾ ਇੱਕ ਸਾਲ ਵੀ ਖ਼ਰਾਬ ਹੋ ਗਿਆ।




ਜਾਣਕਾਰੀ ਮੁਤਾਬਿਕ 2022 ’ਚ ਅਜਿਹੇ ਵਿਦਿਆਰਥੀਆਂ ਦਾ ਫ਼ੀਸਦੀ 30 ਸੀ ਜਿਨ੍ਹਾਂ ਦੇ ਵੀਜ਼ੇ ਕੈਨੇਡਾ ਨੇ ਅਪ੍ਰਵਾਨ ਕੀਤੇ ਜਦੋਂ ਕਿ ਆਸਟ੍ਰੇਲੀਆ ’ਚ ਵੀਜ਼ਾ ਅਪ੍ਰਵਾਨ ਹੋਣ ਦੀ ਦਰ 50 ਫ਼ੀਸਦੀ ਰਹੀ। ਜਾਣਕਾਰੀ ਮੁਤਾਬਿਕ ਹਰ ਸਾਲ ਵੀਜ਼ਾ ਐਪਲਾਈ ਕਰਨ ਲਈ ਪੰਜਾਬ ਤੋਂ ਲੋਕ ਵੀਜ਼ਾ ਫ਼ੀਸ ਅਤੇ ਸਲਾਹ ’ਤੇ 50 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕਰਦੇ ਹਨ। ਵੀਜ਼ਾ ਅਪ੍ਰਵਾਨ ਹੋਣ ਦਾ ਵੱਡਾ ਕਾਰਨ ਠੀਕ ਸਲਾਹ ਨਾ ਮਿਲਣੀ ਰਿਹਾ ਹੈ।

ਪੰਜਾਬ ਤੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ’ਚ ਵਿਦਿਆਰਥੀ ਕੁੱਝ ਹੋਰ ਦੇਸ਼ਾਂ ਤੋਂ ਇਲਾਵਾ ਕੈਨੇਡਾ ਤੇ ਆਸਟ੍ਰੇਲੀਆ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ’ਚ ਐਪਲਾਈ ਕਰਦੇ ਹਨ ਪਰ ਵੱਖ-ਵੱਖ ਕਾਰਨਾਂ ਕਰ ਕੇ ਅਤੇ ਅਧੂਰੇਪਣ ਕਾਰਨ ਅਨੇਕਾਂ ਵਿਦਿਆਰਥੀ ਦਾ ਵੀਜ਼ੇ ਅਪ੍ਰਵਾਨ ਹੋ ਰਹੇ ਹਨ।

ਮੋਹਾਲੀ ਸਥਿਤ ਸੈਟਲ ਈਜ਼ੀ ਦੇ ਕੌਂਸਲਰ ਰਿਸ਼ੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਅਧੂਰੇ ਗਿਆਨ ਤੇ ਨੌਸਿਖੀਏ ਸਲਾਹਕਾਰ ਕਾਰਨ ਹਰ ਸਾਲ ਹਜ਼ਾਰਾਂ ਵਿਦਿਆਰਥੀ ਵਿਦੇਸ਼ ’ਚ ਪੜ੍ਹ ਨ ਜਾਣ ਦੀ ਚਾਹਤ ਮਨ ’ਚ ਹੀ ਲੈ ਕੇ ਰਹਿ ਜਾਂਦੇ ਹਨ। ਇਸ ਸਾਲ ਭਾਰਤ ਤੋਂ ਆਸਟ੍ਰੇਲੀਆ ਜਾਣ ਵਾਲੇ 24.3 ਫ਼ੀਸਦੀ ਵਿਦਿਆਰਥੀਆਂ ਨੂੰ ਵੀਜ਼ਾ ਨਹੀਂ ਮਿਲ ਸਕਿਆ ਅਤੇ ਇਹ ਦਰ ਸਾਲ 2012 ਤੋਂ ਲੈ ਕੇ ਹੁਣ ਤਕ ਸਭ ਤੋਂ ਵੱਧ ਹੈ। ਇੰਝ 2022 ’ਚ ਭਾਰਤ ਤੋਂ ਕੈਨੇਡਾ ਜਾਣ ਵਾਲੇ 30 ਫ਼ੀਸਦੀ ਵਿਦਿਆਰਥੀਆਂ ਨੂੰ ਵੀਜ਼ਾ ਨਹੀਂ ਮਿਲ ਸਕਿਆ। ਇੱਥੋਂ ਤਕ ਕਿ ਚੰਗੇ ਪ੍ਰੋਫ਼ਾਈਲ ਨੂੰ ਵੀ ਖ਼ਾਰਿਜ ਕੀਤਾ ਗਿਆ ਅਤੇ ਅਨੇਕਾਂ ਵਿਦਿਆਰਥੀਆਂ ਨੂੰ ਵੀਜ਼ਾ ਹਾਸਲ ਕਰਨ ਲਈ 8-10 ਮਹੀਨੇ ਜਾਂ ਉਸ ਤੋਂ ਵੱਧ ਸਮੇਂ ਦੀ ਉਡੀਕ ਕਰਨੀ ਪਈ।

ਵਰਣਨਯੋਗ ਹੈ ਕਿ ਸਿੱਖਿਆ ਦੇ ਮਾਮਲੇ ’ਚ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਕੈਨੇਡਾ ਹੈ। ਕੈਨੇਡਾ ’ਚ ਇਸ ਵੇਲੇ ਭਾਰਤ ਤੋਂ ਤਿੰਨ ਲੱਖ ਵਿਦਿਆਰਥੀ ਸਿੱਖਿਆ ਹਾਸਿਲ ਕਰ ਰਹੇ ਹਨ ਜਿਨ੍ਹਾਂ ’ਚ 70 ਫ਼ੀਸਦੀ ਵਿਦਿਆਰਥੀ ਪੰਜਾਬੀ ਹਨ। ਵੀਜ਼ਾ ਅਪ੍ਰਵਾਨ ਹੋਣ ਦੇ ਮਾਮਲਿਆਂ ’ਚ ਜ਼ਿਆਦਾਤਰ ਕਮੀ ਕਨਸਲਟੈਂਟਸ ਅਤੇ ਵਿਦਿਆਰਥੀਆਂ ਵਲੋਂ ਪੂਰੀ ਤਰ ਾਂ ਸਲਾਹ ਨਾ ਲੈਣ ਦੀ ਹੀ ਵੇਖੀ ਗਈ।

ਇਮੀਗ੍ਰੇਸ਼ਨ ਕੰਸਲਟੈਂਸੀ ਕੌਂਸਲਰ ਵੀ ਇਸ ਗੱਲ ਨੂੰ ਮੰਨਣ ਲੱਗੇ ਹਨ ਕਿ ਜਲਦਬਾਜ਼ੀ ਕਾਰਨ ਵਿਦਿਆਰਥੀਆਂ ਸਾਹਮਣੇ ਪਰੇਸ਼ਾਨੀਆਂ ਆ ਰਹੀਆਂ ਹਨ। ਇਸ ਦੇ ਲਈ ਭਾਰਤ ’ਚ ਹੀ ਵਿਦਿਆਰਥੀਆਂ ਨੂੰ ਚੰਗੀ ਤਰ ਾਂ ਸਲਾਹ ਲੈ ਕੇ ਵਿਦੇਸ਼ ਜਾਣਾ ਚਾਹੀਦਾ ਹੈ। ਇੱਕ ਵਾਰ ’ਚ ਵੀਜ਼ਾ ਅਪਲਾਈ ਕਰਨ ’ਤੇ ਲਗਭਗ 30 ਹਜ਼ਾਰ ਰੁਪਏ ਦੀ ਫ਼ੀਸ ਅਤੇ ਕਨਸਲਟੈਂਟ ਦੀ ਵੀ ਲਗਭਗ ਇੰਨੀ ਹੀ ਫ਼ੀਸ ਲੱਗ ਜਾਂਦੀ ਹੈ। ਵੀਜ਼ਾ ਅਪ੍ਰਵਾਨ ਹੋਏ ਮਾਮਲਿਆਂ ਦਾ ਅਨੁਮਾਨ ਲਾਇਆ ਜਾਵੇ ਤਾਂ ਇਹ ਰਕਮ 50 ਕਰੋੜ ਤੋਂ ਵੱਧ ਦੀ ਬਣਦੀ ਹੈ।

ਜੇਕਰ ਤੁਸੀਂ ਵੀ ਆਪਣਾ ਭਵਿੱਖ ਕੈਨੇਡਾ ’ਚ ਬਣਾਉਣਾ ਚਾਹੁੰਦੇ ਹੋ ਤਾਂ ਅੱਜ ਹੀ ਗਲੋਬਲ ਵਿਲੇਜ ਇਮੀਗ੍ਰੇਸ਼ਨ ਸੌਲਿਊਸ਼ਨਜ਼ ਦੇ ਹਰਮਨਜੋਤ ਸੋਢੀ ਨਾਲ ਜ਼ਰੂਰ ਸੰਪਰਕ ਕਰੋ ਕਿਉਂਕਿ ਉਹ ਇਸ ਫ਼ੀਲਡ ਦੇ ਮਾਹਿਰ ਹਨ॥ ਗਲੋਬਲ ਵਿਲੇਜ ਇਮੀਗ੍ਰੇਸ਼ਨ ਅਜਿਹੇ ਵਿਦਿਆਰਥੀਆਂ ਦਾ ਕੈਨੇਡਾ ਆਉਣ ਦਾ ਸੁਫ਼ਨਾ ਸਾਕਾਰ ਕਰ ਸਕਦੀ ਹੈ ਜੋ ਘੱਟ ਖ਼ਰਚੇ ’ਤੇ ਕੈਨੇਡਾ ਜਾਣਾ ਚਾਹੁੰਦੇ ਹਨ। ਜੇ ਤੁਹਾਡੇ ਕਿਸੇ ਸੱਕੇ-ਸਬੰਧੀ ਨੇ ਭਾਰਤ ਤੋਂ ਕਿਸੇ ਰੁਤਬੇ ਵਾਲੀ ਸੰਸਥਾ ਤੋਂ IELTS ਕਰਨੀ ਹੈ ਤਾਂ ਵੀ ਉਹ ਹਰਮਜੋਤ ਸੋਢੀ ਨਾਲ ਹੇਠਾਂ ਦਿੱਤੇ ਨੰਬਰ ’ਤੇ ਸੰਪਰਕ ਕਰ ਸਕਦੇ ਹਨ।

ਇਸ ਤੋਂ ਇਲਾਵਾ ਹੋਮ ਚਾਈਲਡ ਕੇਅਰ ਪ੍ਰੋਗਰਾਮ, ਜੋ 2022 ’ਚ ਆਰਜ਼ੀ ਤੌਰ ’ਤੇ ਬੰਦ ਹੋ ਗਿਆ ਸੀ, ਜਨਵਰੀ 2023 ’ਚ ਮੁੜ ਬਹਾਲ ਕੀਤਾ ਜਾ ਚੁੱਕਾ ਹੈ, ਅਤੇ ਆਪਣੀਆਂ ਫ਼ਾਈਲਾਂ ਤਿਆਰ ਕਰਾਉਣ ਲਈ ਤੁਸੀਂ ਗਲੋਬਲ ਵਿਲੇਜ ਇਮੀਗ੍ਰੇਸ਼ਨ ਨਾਲ ਸੰਪਰਕ ਕਰ ਸਕਦੇ ਹੋ। ਹੋਮ ਸਪੋਰਟ ਵਰਕਰ ਅਤੇ ਹੋਮ ਚਾਈਲਡ ਕੇਅਰ ਪ੍ਰੋਵਾਈਡਰ ਪਾਇਲਟ ਪ੍ਰੋਗਰਾਮ ਕੈਨੇਡਾ ਦੀ ਪੱਕੀ ਰੈਜ਼ੀਡੈਂਸੀ ਲੈਣ ’ਚ ਸਹਾਈ ਹੁੰਦੇ ਹਨ। ਇਨ੍ਹਾਂ ਤਹਿਤ ਮੇਨ ਐਪਲੀਕੈਂਟ ਨੂੰ ਪਹਿਲਾਂ ਵਰਕ ਪਰਮਿਟ ਮਿਲਦਾ ਹੈ ਅਤੇ ਦੋ ਸਾਲ ਕੰਮ ਕਰਨ ਮਗਰੋਂ ਪਰਮਾਨੈਂਟ ਰੈਜ਼ੀਡੈਂਸੀ ਮਿਲ ਜਾਂਦੀ ਹੈ। ਉਪ੍ਰੋਕਤ ਸਭ ਬਾਰੇ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਹਰਮਨਜੋਤ ਸੋਢੀ ਨਾਲ 1-416-848-3930 ’ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਨਸ਼ੇ ਨੇ ਬੁਝਾਇਆ ਇੱਕ ਹੋਰ ਘਰ ਦਾ ਚਿਰਾਗ਼

ਫ਼ਿਰੋਜ਼ਪੁਰ: ਪੰਜਾਬ ’ਚ ਨਸ਼ਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਆਏ ਦਿਨ ਕਈ ਮਾਵਾਂ ਦੇ ਪੁੱਤ ਨਸ਼ੇ ਦੀ ਭੇਂਟ ਚੜ੍ਹ ਰਹੇ ਹਨ। ਤਾਜ਼ਾ ਮਾਮਲਾ ਫ਼ਿਰੋਜ਼ਪੁਰ ਦੇ ਕਸਬਾ ਮੱਲਾਂਵਾਲਾ ਦੇ ਪਿੰਡ ਖੱਚਰ ਵਾਲਾ ਦੂਲਾ ਸਿੰਘ ਵਾਲਾ ਰੋਡ ਤੋਂ ਸਾਹਮਣੇ ਆਇਆ ਹੈ ਜਿੱਥੇ ਪਿੰਡ ਵਾਸੀਆਂ ਵਲੋਂ ਸੜਕ ’ਤਬਣਾਏ ਗਏ ਲੰਗਰ ਹਾਲ ’ਚੋਂ 18 ਸਾਲਾ ਨੌਜਵਾਨ ਦੀ ਲਾਸ਼ ਮਿਲੀ। ਜਾਣਕਾਰੀ ਮੁਤਾਬਿਕ ਮ੍ਰਿਤਕ ਦੀ ਪਛਾਣ ਹਰਮਨਪ੍ਰੀਤ ਸਿੰਘ ਪੁੱਤਰ ਨਸੀਬ ਸਿੰਘ ਵਾਸੀ ਆਲੇ ਵਾਲਾ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਹੈ। ਨੌਜਵਾਨ ਦੀ ਲਾਸ਼ ਕੋਲੋਂ ਇੱਕ ਸਰਿੰਜ ਵੀ ਮਿਲੀ ਹੈ।ਨੌਜਵਾਨ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਰਿਵਾਰ ਮੁਤਾਬਿਕ ਪਹਿਲਾਂ ਉਨ੍ਹਾਂ ਦਾ ਲੜਕਾ ਕਦੇ ਨਸ਼ਾ ਨਹੀਂ ਕਰਦਾ ਸੀ। ਉਹ ਘਰੋਂ ਮੇਲਾ ਦੇਖਣ ਆਇਆ ਸੀ,



ਪਤਾ ਨਹੀਂ ਉਸ ਨੂੰ ਕਿਸ ਨੇ ਇਸ ਨਸ਼ੇ ਦੀ ਦਲਦਲ ’ਚ ਧੱਕ ਦਿੱਤਾ। ਮ੍ਰਿਤਕ ਦੇ ਪਿਤਾ ਨਸੀਬ ਸਿੰਘ ਨੇ ਦੱਸਿਆ ਕਿ ਜਦੋਂ ਉਨ ਾਂ ਨੂੰ ਪੁੱਤ ਦੀ ਮੌਤ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੂੰ ਯਕੀਨ ਨਹੀਂ ਆਇਆ ਕਿ ਉਨ੍ਹਾਂ ਦੇ ਪੁੱਤਰ ਦੀ ਲਾਸ਼ ਇਸ ਹਾਲਤ ’ਚ ਮਿਲੇਗੀ। ਦੂਜੇ ਪਾਸੇ ਜਦੋਂ ਥਾਣੇਦਾਰ ਗੁਰਜੰਟ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ ਾਂ ਕਿਹਾ ਕਿ ਮ੍ਰਿਤਕ ਦਾ ਪੋਸਟ ਮਾਰਟਮ ਕਰਵਾਇਆ ਜਾ ਰਿਹਾ ਹੈ। ਅਗਲੀ ਜਾਂਚ ਪੋਸਟ ਮੌਰਟਮ ਦੀ ਰਿਪੋਰਟ ਦੇ ਆਧਾਰ ’ਤੇ ਕੀਤੀ ਜਾਵੇਗੀ।




TOWN OF HEMPSTEAD, N.Y.
FOUNDED 1644
LONG ISLAND PUBLIC AFFAIR COMMUNITY
LIPAC
Supervisor Don Clavin,
the Hempstead Town Board,
the Department of Community Affairs & LIPAC
invite you to celebrate
Shweta Vasudeva
SHILPI PAUL
KAJAL GILL
SUNNY GILL
Diwali
Festival
Sunday, October 1st • 12:30 p.m. to 6:30 p.m.
Town of Hempstead Parking Lot
One Washington Street, Hempstead
Artists, Music, Culture, Food, Jewelry, Clothes Stall, Raffle Tickets and much more
For more information:
Sudheer Kumar (516) 852-0276 • Micky Chadha (516) 945-4475
Rupal Sehgal (516) 835-6000 • Zahid Syed or Aman Thind (516) 812-3009
Don Clavin
Supervisor
Council Members
Dorothy L. Goosby • Dennis Dunne, Sr.
Thomas E. Muscarella • Christopher Carini
Melissa Miller • Laura A. Ryder
Kate Murray
Town Clerk
Jeanine C. Driscoll
Receiver of Taxes

# ਉਪ ਰਾਸ਼ਟਰਪਤੀ ਨੇ ਜਮਹੂਰੀਅਤ ਦੇ ਮੰਦਰਾਂ 'ਚ ਗੜਬੜੀ ਨੂੰ ਹਥਿਆਰ ਬਣਾਉਣ 'ਤੇ ਆਪਣਾ ਦਰਦ ਜ਼ਾਹਰ ਕੀਤਾ



ਨਵੀਂ ਦਿੱਲੀ- ਮੀਤ ਪ੍ਰਧਾਨ, ਸ਼੍ਰੀ ਜਗਦੀਪ ਧਨਖੜ ਨੇ ਅੱਜ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੋਕਤੰਤਰ ਸੰਵਾਦ, ਵਿਚਾਰ-ਵਟਾਂਦਰੇ ਅਤੇ ਬਹਿਸ ਬਾਰੇ ਹੈ ਅਤੇ ਵਿਘਨ ਅਤੇ ਗੜਬੜ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਕਿਹਾ। ਉਸਨੇ ਇਸ ਤੱਥ 'ਤੇ ਵੀ ਆਪਣਾ ਦਰਦ ਅਤੇ ਚਿੰਤਾ ਜ਼ਾਹਰ ਕੀਤੀ ਕਿ ਲੋਕਤੰਤਰ ਦੇ ਮੰਦਰਾਂ ਵਿੱਚ ਗੜਬੜੀ ਨੂੰ ਹਥਿਆਰ ਬਣਾਇਆ ਗਿਆ ਹੈ ਜੋ ਲੋਕਾਂ ਨੂੰ ਨਿਆਂ ਯਕੀਨੀ ਬਣਾਉਣ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ। ਹਰ ਕਿਸੇ ਨੂੰ ਜਮਹੂਰੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਕੰਮ ਕਰਨ ਦਾ ਸੱਦਾ ਦਿੰਦੇ ਹੋਏ, ਸ਼੍ਰੀ ਧਨਖੜ ਨੇ ਰੇਖਾਂਕਿਤ ਕੀਤਾ ਕਿ ਸੰਸਦ ਨੂੰ ਹਰ ਸਕਿੰਟ ਕਾਰਜਸ਼ੀਲ ਨਾ ਕਰਨ ਦੀ ਕੋਈ ਅਲਾਮਤ ਨਹੀਂ ਹੋ ਸਕਦੀ। ਇਹ ਦੱਸਦੇ ਹੋਏ ਕਿ ਇਸ ਦੇਸ਼ ਦੇ ਲੋਕਾਂ ਨੂੰ ਇਸਦੀ ਵੱਡੀ ਕੀਮਤ ਚੁਕਾਉਣੀ ਪੈ ਰਹੀ ਹੈ, ਉਸਨੇ ਉਜਾਗਰ ਕੀਤਾ, ਜਦੋਂ ਕਿਸੇ ਖਾਸ ਦਿਨ ਸੰਸਦ ਵਿੱਚ ਵਿਘਨ ਪੈਂਦਾ ਹੈ ਤਾਂ ਪ੍ਰਸ਼ਨ ਕਾਲ ਨਹੀਂ ਹੋ ਸਕਦਾ। ਪ੍ਰਸ਼ਨ ਕਾਲ ਸ਼ਾਸਨ ਵਿੱਚ ਜਵਾਬਦੇਹੀ ਅਤੇ ਪਾਰਦਰਸ਼ਤਾ ਪੈਦਾ ਕਰਨ ਲਈ ਇੱਕ ਵਿਧੀ ਹੈ। ਸਰਕਾਰ ਹਰ ਸਵਾਲ ਦਾ ਜਵਾਬ ਦੇਣ ਲਈ ਪਾਬੰਦ ਹੈ। ਇਸ ਨਾਲ ਸਰਕਾਰ ਨੂੰ ਵੱਡਾ ਫਾਇਦਾ ਹੁੰਦਾ ਹੈ। ਜਦੋਂ ਤੁਸੀਂ ਲੋਕਤਾਂਤਰਿਕ ਕਦਰਾਂ-ਕੀਮਤਾਂ ਅਤੇ ਚੰਗੇ ਸ਼ਾਸਨ ਦੇ ਸੰਦਰਭ ਵਿੱਚ ਸੋਚਦੇ ਹੋ ਤਾਂ ਪ੍ਰਸ਼ਨ ਕਾਲ ਨਾ ਹੋਣਾ ਕਦੇ ਵੀ ਤਰਕਸੰਗਤ ਨਹੀਂ ਹੋ ਸਕਦਾ।ਅੱਜ ਵਿਗਿਆਨ ਭਵਨ ਵਿਖੇ ਜਾਮੀਆ ਮਿਲੀਆ ਇਸਲਾਮੀਆ ਦੇ ਸ਼ਤਾਬਦੀ ਸਾਲ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਉਪ ਰਾਸ਼ਟਰਪਤੀ ਨੇ ਰੇਖਾਂਕਿਤ ਕੀਤਾ ਕਿ ਅਸਹਿਮਤੀ ਜਮਹੂਰੀ ਪ੍ਰਕਿਰਿਆ ਦਾ ਕੁਦਰਤੀ ਹਿੱਸਾ ਹਨ, ਪਰ ਅਸਹਿਮਤੀ ਨੂੰ ਦੁਸ਼ਮਣੀ ਵਿੱਚ ਬਦਲਣਾ ਲੋਕਤੰਤਰ ਲਈ ਸਰਾਪ ਤੋਂ ਘੱਟ ਨਹੀਂ ਹੈ। ਸਾਵਧਾਨ ਕਰਦੇ ਹੋਏ ਕਿ ਵਿਰੋਧ ਨੂੰ ਬਦਲੇ ਵਿੱਚ ਨਹੀਂ ਬਦਲਣਾ ਚਾਹੀਦਾ, ਸ਼੍ਰੀ ਧਨਖੜ ਨੇ ਅੱਗੇ ਵਧਣ ਦਾ ਇੱਕੋ-ਇੱਕ ਰਸਤਾ ਸੰਵਾਦ ਅਤੇ ਚਰਚਾ ਦਾ ਸੁਝਾਅ ਦਿੱਤਾ। ਇਹ ਨੋਟ ਕਰਦੇ ਹੋਏ ਕਿ ਰਾਸ਼ਟਰ ਨੇ ਆਪਣੇ ਆਪ ਨੂੰ ਨਾਜ਼ੁਕ ਪੰਜ ਅਰਥਵਿਵਸਥਾਵਾਂ ਵਿੱਚੋਂ ਇੱਕ ਤੋਂ ਬਦਲ ਕੇ ਅੱਜ ਵਿਸ਼ਵ ਦੀਆਂ ਸਿਖਰਲੀਆਂ ਪੰਜ ਅਰਥਵਿਵਸਥਾਵਾਂ ਵਿੱਚ ਸ਼ਾਮਲ ਕੀਤਾ ਹੈ, ਉਪ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਦੇ ਸ਼ਾਨਦਾਰ ਵਿਕਾਸ ਦੇ ਨਾਲ, ਚੁਣੌਤੀਆਂ ਵੀ ਹੋਣੀਆਂ ਹਨ। ਤੁਹਾਡੀ ਤਰੱਕੀ ਹਰ ਕਿਸੇ ਦੀ ਪਸੰਦ ਅਨੁਸਾਰ ਨਹੀਂ ਹੋ ਸਕਦੀ। ਤੁਹਾਡੀਆਂ ਸੰਸਥਾਵਾਂ ਅਤੇ ਵਿਕਾਸ ਦੀ ਕਹਾਣੀ ਨੂੰ ਕਲੰਕਿਤ ਕਰਨ, ਖਰਾਬ ਕਰਨ ਅਤੇ ਬਦਨਾਮ ਕਰਨ ਲਈ ਘਾਤਕ ਤਾਕਤਾਂ ਹਨ, ਉਸਨੇ ਨੌਜਵਾਨ ਦਿਮਾਗਾਂ ਨੂੰ ਪਹਿਲਕਦਮੀ ਕਰਨ ਅਤੇ ਅਜਿਹੀਆਂ ਤਾਕਤਾਂ ਨੂੰ ਬੇਅਸਰ ਕਰਨ ਲਈ ਕਿਹਾ।

ਅਕਾਦਮਿਕ ਪ੍ਰਾਪਤੀਆਂ 'ਤੇ ਜ਼ੋਰ ਦਿੰਦੇ ਹੋਏ, ਉਪ ਰਾਸ਼ਟਰਪਤੀ ਨੇ ਆਪਣੇ ਅਸਲ ਉਦੇਸ਼ ਦੀ ਪੂਰਤੀ ਲਈ ਗਿਆਨ ਲਈ ਸਿੱਖਿਆ ਨੂੰ ਵੱਡੇ ਸਮਾਜਿਕ ਵਿਕਾਸ ਨਾਲ ਜੋੜਨ ਦਾ ਵੀ ਸੱਦਾ ਦਿੱਤਾ। ਮਨੁੱਖੀ ਸੰਸਾਧਨਾਂ ਦਾ ਸਸ਼ਕਤੀਕਰਨ ਰਾਸ਼ਟਰ ਨਿਰਮਾਣ ਵਿੱਚ ਇੱਕ ਮਹੱਤਵਪੂਰਨ ਅੰਗ ਹੈ। ਅੱਜ ਨੌਜਵਾਨਾਂ ਨੂੰ ਤਾਕਤਵਰ ਬਣਨ ਦੀ ਲੋੜ ਹੈ।

# ਸ੍ਰੀਲੰਕਾ ਨਿਕਲਿਆ ਚੀਨ ਦੀ ਚੁੰਗਲ 'ਚੋਂ, ਹੁਣ ਹੋਵੇਗਾ ਭਾਰਤ ਦਾ ਦਬਦਬਾ



ਕੋਲੰਬੋ,-: ਸ਼੍ਰੀਲੰਕਾ 'ਚ ਚੀਨੀ ਦਬਦਬੇ ਦਾ ਤੋੜ ਮਿਲ ਗਿਆ ਹੈ। ਉੱਥੇ ਭਾਰਤ ਕਈ ਵੱਡੇ ਪ੍ਰੋਜੈਕਟ ਚਲਾਏਗਾ। ਇਸ ਦੇ ਨਾਲ ਹੀ ਤਮਿਲਾਂ ਦੇ ਹਿੱਤਾਂ ਦੇ ਮਾਮਲੇ 'ਤੇ ਸ਼੍ਰੀਲੰਕਾ ਆਪਣੇ ਸੰਵਿਧਾਨ 'ਚ ਸੋਧ ਕਰੇਗਾ। ਇਸ ਦੇ ਲਈ ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਜਲਦ ਹੀ ਉੱਥੇ ਸਰਬ ਪਾਰਟੀ ਬੈਠਕ ਬੁਲਾਉਣਗੇ। ਹਾਲ ਹੀ 'ਚ ਭਾਰਤ ਦੇ ਦੌਰੇ ਤੋਂ ਪਰਤੇ ਸ਼੍ਰੀਲੰਕਾ ਦੇ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਤ੍ਰਿੰਕੋਮਾਲੀ ਵਿਚ ਇਕ ਊਰਜਾ ਹੱਬ ਦੇ ਵਿਕਾਸ ਬਾਰੇ ਚਰਚਾ ਕੀਤੀ। 7 ਸਾਲ ਪਹਿਲਾਂ ਵੀ ਪ੍ਰਧਾਨ ਮੰਤਰੀ ਮੋਦੀ ਨੇ ਤ੍ਰਿੰਕੋਮਾਲੀ 'ਚ ਸ਼੍ਰੀਲੰਕਾ ਨਾਲ ਗੱਲਬਾਤ ਕੀਤੀ ਸੀ ਪਰ ਉਦੋਂ ਸ਼੍ਰੀਲੰਕਾ ਚੀਨ ਦੇ ਜ਼ਿਆਦਾ ਪ੍ਰਭਾਵ ਹੇਠ ਸੀ। ਸਾਬਕਾ ਰਾਸ਼ਟਰਪਤੀ ਜੇ. ਆਰ. ਜੈਵਰਧਨੇ ਦੇ ਕਾਰਜਕਾਲ ਦੌਰਾਨ ਤ੍ਰਿੰਕੋਮਾਲੀ 'ਚ ਇਕ ਅਸਥਾਈ ਅਮਰੀਕੀ ਫ਼ੌਜੀ ਅੱਡਾ ਵੀ ਬਣਾਇਆ ਗਿਆ ਸੀ ਪਰ ਬਾਅਦ ਵਿਚ ਸ਼੍ਰੀਲੰਕਾ ਚੀਨ ਦੇ ਪ੍ਰਭਾਵ ਹੇਠ ਆਉਣ ਕਾਰਨ ਇਹ ਫ਼ੌਜੀ ਅੱਡਾ ਸਥਾਈ ਨਹੀਂ ਹੋ ਸਕਿਆ, ਹੁਣ ਉਥੇ ਭਾਰਤੀ ਬੇਸ ਬਣੇਗਾ। ਚੀਨ ਕੁਝ ਸਾਲ ਪਹਿਲਾਂ ਤੱਕ ਸ਼੍ਰੀਲੰਕਾ 'ਚ ਵੱਡੇ ਪੱਧਰ 'ਤੇ ਨਿਵੇਸ਼ ਕਰ ਰਿਹਾ ਸੀ। ਅਜਿਹੀ ਹਾਲਤ 'ਚ ਭਾਰਤੀ ਪ੍ਰੋਜੈਕਟਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਸੀ। ਮੋਦੀ ਅਤੇ ਵਿਕਰਮਸਿੰਘੇ ਵਿਚਾਲੇ ਦੱਖਣੀ ਭਾਰਤ ਤੋਂ ਸ਼੍ਰੀਲੰਕਾ ਤੱਕ ਪੈਟਰੋਲੀਅਮ ਪਾਈਪਲਾਈਨ ਦੇ ਨਿਰਮਾਣ 'ਤੇ ਵੀ ਚਰਚਾ ਕੀਤੀ ਗਈ। ਇੰਡੀਅਨ ਆਇਲ ਕਾਰਪੋਰੇਸ਼ਨ ਦੀ ਸਹਾਇਕ ਕੰਪਨੀ ਲੰਕਾ ਆਈ. ਓ. ਸੀ. ਤ੍ਰਿੰਕੋਮਾਲੀ 'ਚ 99 ਸਟੋਰੇਜ ਟੈਂਕਾਂ 'ਚੋਂ 15 ਦਾ ਸੰਚਾਲਨ ਕਰਦੀ ਹੈ। ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਨੇ ਅਗਲੇ ਹਫ਼ਤੇ ਸਰਬ ਪਾਰਟੀ ਬੈਠਕ ਬੁਲਾਈ ਹੈ। ਮੀਟਿੰਗ 'ਚ ਘੱਟਗਿਣਤੀ ਤਮਿਲ ਭਾਈਚਾਰਿਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਲਈ ਸ਼੍ਰੀਲੰਕਾ ਦੇ ਸੰਵਿਧਾਨ 'ਚ 13ਵੀਂ ਸੋਧ ਦੇ ਸਮਝੌਤੇ 'ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਕੈਨੇਡਾ 'ਚ ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਦਾ ਅਰਜ਼ੀ ਕੋਟਾ ਪੂਰਾ, ਭਾਰਤੀਆਂ ਨੂੰ ਮਿਲ ਸਕਦੈ ਵੱਡਾ ਲਾਭ



ਟੋਰਾਂਟੋ- ਅਮਰੀਕਾ ਦੇ 10 ਹਜ਼ਾਰ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਦੇਸ਼ 'ਚ ਆਉਣ 'ਤੇ ਕੰਮ ਕਰਨ ਦੀ ਇਜਾਜ਼ਤ ਦੇਣ ਦੇ ਕੈਨੇਡਾ ਸਰਕਾਰ ਦੇ ਫ਼ੈਸਲੇ ਨਾਲ ਭਾਰਤੀ ਪੇਸ਼ੇਵਰਾਂ ਨੂੰ ਫ਼ਾਇਦਾ ਮਿਲਣਾ ਤੈਅ ਹੈ। ਇਸ ਯੋਜਨਾ ਤਹਿਤ ਪਹਿਲੇ ਹੀ ਦਿਨ ਅਰਜ਼ੀਆਂ ਦਾ ਟੀਚਾ ਪੂਰਾ ਹੋ ਜਾਣ ਨਾਲ ਕੈਨੇਡਾ ਸਰਕਾਰ ਕਾਫ਼ੀ ਉਤਸ਼ਾਹਤ ਹੈ। ਦੇਸ਼ 'ਚ ਉੱਚ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੀ ਕਮੀ ਕਾਰਨ ਕੈਨੇਡਾ ਨੇ ਹਾਲੀਆ ਇਸ ਯੋਜਨਾ ਦਾ ਐਲਾਨ ਕੀਤਾ ਸੀ। ਕੈਨੇਡਾ ਸਰਕਾਰ ਨੇ ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਲਈ ਨਵਾਂ ਵਰਕ ਪਰਮਿਟ ਰਸਮੀ ਤੌਰ 'ਤੇ 16 ਜੁਲਾਈ ਨੂੰ ਅਪਲਾਈ ਕਰਨ ਲਈ ਖੋਲ੍ਹਿਆ ਸੀ। ਇਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਕੈਨੇਡਾ (ਆਈਆਰਸੀਸੀ) ਦਾ ਕਹਿਣਾ ਹੈ ਕਿ ਬਿਨੈਕਾਰ ਹੁਣ ਇਸ ਯੋਜਨਾ ਲਈ ਅਪਲਾਈ ਨਹੀਂ ਕਰ ਸਕਦੇ ਕਿਉਂਕਿ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ। ਆਈਆਰਸੀਸੀ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਅਸੀਂ 17 ਜੁਲਾਈ, 2023 ਨੂੰ ਇਸ ਪਹਿਲ ਲਈ 10 ਹਜ਼ਾਰ ਅਰਜ਼ੀਆਂ ਦੀ ਹੱਦ ਤੱਕ ਪੁੱਜ ਗਏ। ਹੁਣ ਕੋਈ ਹੋਰ ਅਰਜ਼ੀ ਸਵੀਕਾਰ ਨਹੀਂ ਕੀਤੀ ਜਾ ਰਹੀ। ਯੋਜਨਾ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਰਿਵਾਰ ਨੂੰ ਵੀ ਅਧਿਐਨ 'ਤੇ ਵਰਕ ਪਰਮਿਟ ਜਾਰੀ ਕੀਤਾ ਜਾ ਸਕਦਾ ਹੈ। ਉਹ ਕੈਨੇਡਾ 'ਚ ਆਰਜ਼ੀ ਨਿਵਾਸ ਲਈ ਅਪਲਾਈ ਕਰ ਸਕਦੇ ਹਨ। ਅਮਰੀਕੀ ਤਕਨੀਕੀ ਕੰਪਨੀਆਂ ਵੱਲੋਂ ਛਾਂਟੀ ਦੇ ਸ਼ਿਕਾਰ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਇਸ ਨਾਲ ਫ਼ਾਇਦਾ ਮਿਲਣਾ ਤੈਅ ਹੈ, ਇਨ੍ਹਾਂ 'ਚ ਵੱਡੀ ਗਿਣਤੀ ਭਾਰਤੀ ਪੇਸ਼ੇਵਰਾਂ ਦੀ ਹੈ।

# ਸਾਫਟ ਡ੍ਰਿੰਕਸ ਵਿਚ ਵਰਤੇ ਜਾਣ ਵਾਲੇ ਨਕਲੀ 'ਸਵੀਟਨਰ ਐਸਪਾਰਟੇਮ' ਨਾਲ ਕੈਂਸਰ ਦਾ ਖ਼ਤਰਾ

ਨਿਊਯਾਰਕ- ਕੋਲਡ ਡ੍ਰਿੰਕਸ ਪੀਣ ਵਾਲੇ ਲੋਕ ਹੁਣ ਸਾਵਧਾਨ ਹੋ ਜਾਣ। ਦਰਅਸਲ ਵਿਸ਼ਵ ਸਿਹਤ ਸੰਗਠਨ ਨੇ ਚਿਤਾਵਨੀ ਜਾਰੀ ਕਰਦੇ ਹੋਏ ਕਿਹਾ ਹੈ ਕਿ ਕੋਕਾ-ਕੋਲਾ ਸਣੇ ਸਾਫਟ ਡ੍ਰਿੰਕਸ ਅਤੇ ਖਾਣ-ਪੀਣ ਦੀਆਂ ਚੀਜ਼ਾਂ ਵਿਚ ਮਿੱਠਾ ਬਣਾਉਣ ਲਈ ਵਰਤੇ ਜਾਣ ਵਾਲੇ ਨਕਲੀ 'ਸਵੀਟਨਰ ਐਸਪਾਰਟੇਮ' (ਨਕਲੀ ਮਿੱਠਾ) ਨਾਲ ਕੈਂਸਰ ਹੋਣ ਦਾ ਖ਼ਤਰਾ ਹੈ। ਐਸਪਾਰਟੇਮ ਜੋ ਕਿ ਨਕਲੀ ਮਿੱਠਾ ਹੈ, ਨੂੰ ਕੋਕਾ-ਕੋਲਾ, ਡਾਈਟ ਸੋਡਾ ਤੋਂ ਲੈ ਕੇ ਮਾਰਸ ਐਕਸਟਰਾ ਚਿਊਇੰਗ ਗਮ ਅਤੇ ਕੁਝ ਹੋਰ ਡ੍ਰਿੰਕਸ ਵਿੱਚ ਵਰਤਿਆ ਜਾਂਦਾ ਹੈ। ਐਸਪਾਰਟੇਮ ਨੂੰ ਲੈਬ ਵਿਚ ਤਿਆਰ ਕੀਤਾ ਜਾਂਦਾ ਹੈ ਇਸ ਵਿੱਚ ਵੱਧ ਖੰਡ ਨਾਲੋਂ 200 ਗੁਣਾ ਮਿੱਠਾ ਹੁੰਦਾ ਹੈ। ਯਾਨੀ ਤੁਸੀਂ ਕੋਲਡ ਡ੍ਰਿੰਕਸ ਨੂੰ ਸ਼ੂਗਰ ਫਰੀ ਜਾਂ ਡਾਈਟ ਦੇਖ ਕੇ ਵੀ ਪੀ ਰਹੇ ਹੋ ਅਤੇ ਇਹ ਸੋਚ ਰਹੇ ਹੋ ਕਿ ਇਸ ਨਾਲ ਤੁਹਾਡੀ ਸਿਹਤ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਤਾਂ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਜਿਹਾ ਕਰਕੇ ਤੁਸੀਂ ਖ਼ੁਦ ਨੂੰ ਧੋਖਾ ਦੇ ਰਹੇ ਹੋ। ਰਿਪੋਰਟ ਵਿਚ ਸਾਫ਼ ਲਿਖਿਆ ਹੈ ਕਿ ਐਸਪਾਰਟੇਮ ਤੋਂ ਬਣੀਆਂ ਕੋਲਡ ਡ੍ਰਿੰਕਸ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ। ਹੁਣ ਬਾਜ਼ਾਰ ਵਿਚ ਸ਼ੂਗਰ ਫਰੀ ਦੇ ਨਾਮ 'ਤੇ ਜੋ ਵੀ ਚੀਜ਼ਾਂ ਆਉਣਗੀਆਂ ਉਨ੍ਹਾਂ 'ਤੇ ਚਿਤਾਵਨੀ ਲਿਖੀ ਹੋਵੇਗੀ ਕਿ ਇਸ ਨਾਲ ਕੈਂਸਰ ਹੁੰਦਾ ਹੈ। ਜਿਵੇਂ ਸਿਗਰਟ ਦੇ ਪੈਕੇਟ 'ਤੇ ਲਿਖਿਆ ਹੁੰਦਾ ਹੈ। ਪਰ ਸੋਚਣ ਵਾਲੀ ਗੱਲ ਹੈ ਕਿ ਕੈਂਸਰ ਪੈਦਾ ਕਰਨ ਵਾਲੇ ਕੋਲਡ ਡ੍ਰਿੰਕਸ ਨੂੰ ਪੀਣ ਜਾ ਨਾ ਪੀਣ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਤੁਹਾਡੇ 'ਤੇ ਪਾ ਦਿੱਤੀ ਗਈ ਹੈ, ਜਦੋਂਕਿ ਅਜਿਹਾ ਹੋਣਾ ਚਾਹੀਦਾ ਸੀ ਕਿ ਇਸ ਚਿਤਾਵਨੀ ਮਗਰੋਂ ਐਸਪਾਰਟੇਮ ਵਰਗੀਆਂ ਜ਼ਹਿਰ ਵਾਲੀਆਂ ਚੀਜ਼ਾਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਸੀ।

# ਗੜ੍ਹੇਮਾਰੀ ਕਾਰਨ ਗੱਡੀਆਂ ਦਾ ਹੋਇਆ ਨੁਕਸਾਨ





ਰੋਮ (ਇਟਲੀ)- ਇਟਲੀ ਦੇ 23 ਜ਼ਿਲ੍ਹਿਆਂ ਨੂੰ ਜਿੱਥੇ ਅੱਤ ਦੀ ਗਰਮੀ ਦੇ ਮੱਦੇ ਨਜ਼ਰ ਮੌਸਮ ਵਿਭਾਗ ਨੇ ਰੈਡ ਅਲਰਟ ਕੀਤਾ ਹੈ ਉਥੇ ਮਾਨਤੋਵਾ ਜ਼ਿਲ੍ਹੇ ਵਿੱਚ ਭਾਰੀ ਗਰਮੀ ਵਿੱਚ ਇੱਕ ਦਮ ਬਦਲਾਅ ਵੇਖਣ ਨੂੰ ਮਿਲਿਆ ਅਤੇ ਹਨੇਰੀ ਦੇ ਨਾਲ ਭਾਰੀ ਗੜ੍ਹੇਮਾਰੀ ਹੋਈ। ਜ਼ਿਕਰਯੋਗ ਹੈ ਕਿ ਨਿੰਬੂਆਂ ਦੇ ਅਕਾਰ ਦੇ ਬਰਫ ਰੂਪੀ ਗੜੇ ਧਰਤੀ 'ਤੇ ਡਿੱਗੇ। ਜਿਹਨਾਂ ਨੇ ਸਭ ਤੋਂ ਵੱਧ ਨੁਕਸਾਨ ਗੈਰਜ ਤੋਂ ਬਾਹਰ ਪਾਰਕ ਕੀਤੀਆਂ ਗੱਡੀਆਂ(ਕਾਰਾਂ) ਦਾ ਕੀਤਾ। ਗੜਿਆਂ ਦੇ ਡਿੱਗਣ ਦੀ ਰਫਤਾਰ ਇੰਨੀ ਜ਼ਿਆਦਾ ਸੀ ਕਿ ਗੱਡੀਆਂ ਵਿੱਚ ਚਿੱਬ ਪੈ ਗਏ ਅਤੇ ਸ਼ੀਸ਼ੇ ਵੀ ਟੁੱਟ ਗਏ। ਕਈ ਘਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਅਤੇ ਕਈ ਬਿਲਡਿੰਗਾਂ ਦੀਆਂ ਛੱਤਾਂ ਵੀ ਨੁਕਸਾਨੀਆਂ ਗਈਆਂ। ਬੇਸ਼ੱਕ ਕਿ ਇਸ ਮੌਸਮ ਦੇ ਬਦਲਾਅ ਨੇ ਲੋਕਾਂ ਨੂੰ ਕੁਝ ਗਰਮੀ ਤੋਂ ਰਾਹਤ ਦੁਆ ਦਿੱਤੀ ਹੈ ਪਰ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਮੌਸਮ ਦਾ ਬਦਲਾਅ ਕਾਫੀ ਮਹਿੰਗਾ ਪਿਆ ਹੈ ਕਿਉਂਕਿ ਗੜਿਆਂ ਨੇ ਉਹਨਾਂ ਦਾ ਮਾਲੀ ਨੁਕਸਾਨ ਬਹੁਤ ਕਰ ਦਿੱਤਾ ਜਿਸ ਕਾਰਨ ਉਹਨਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਪੈ ਰਿਹਾ ਹੈ। ਬਜ਼ੁਰਗ ਇਟਾਲੀਅਨ ਮੰਨਦੇ ਹਨ ਕਿ ਕੁਦਰਤ ਬਹੁਤ ਹੀ ਨਿਰਾਲੀ ਹੈ ਤੇ ਇਸ ਦਾ ਚਾਲਕ ਸਭ ਤੋਂ ਵੱਧ ਨਿਰਾਲਾ ਜਿਸ ਲਈ ਨਾਮੁਮਕਿਨ ਕੁਝ ਵੀ ਨਹੀ ਇਸ ਨੂੰ ਹੀ ਤਾਂ ਕਹਿੰਦੇ ਹਨ ਕਾਦਿਰ ਦੀ ਕੁਦਰਤ ਜਿਸ ਵਿੱਚ ਅੱਤ ਦੀ ਗਰਮੀ ਲੋਕਾਂ ਲਈ ਲੈ ਆਉਂਦੀ ਅੱਤ ਦੀ ਗੜ੍ਹੇਮਾਰੀ ਤੇ ਮੀਂਹ।

# ਵਿਕਰਮਜੀਤ ਸਾਹਨੀ ਵੱਲੋਂ ਪੰਜਾਬ ਦੇ ਸਾਂਸਦਾਂ ਨੂੰ ਪੰਜਾਬ ਦੇ ਹਿੱਤਾਂ ਲਈ ਇਕਜੁੱਟ ਹੋਣ ਦੀ ਅਪੀਲ

ਚੰਡੀਗੜ੍ਹ- ਸੰਸਦ ਦੇ ਮਾਨਸੂਨ ਸੈਸ਼ਨ ਦੀ ਸ਼ੁਰੂਆਤ ਵਿਚ, ਸੰਸਦ ਮੈਂਬਰ ਵਿਕਰਮਜੀਤ ਸਾਹਨੀ ਨੇ ਪਾਰਟੀ ਲਾਈਨਾਂ ਤੋਂ ਉਪਰ ਉਠ ਕੇ ਸਾਰੇ ਪੰਜਾਬੀ ਸੰਸਦ ਮੈਂਬਰਾਂ ਲਈ ਇੱਕ ਗੈਰ ਰਸਮੀ ਗੱਲਬਾਤ ਅਤੇ ਰਾਤ ਦੇ ਖਾਣੇ ਦੀ ਮੇਜ਼ਬਾਨੀ ਕੀਤੀ। ਸਾਹਨੀ ਨੇ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਹਿੱਤਾਂ ਲਈ ਇਕੱਠੇ ਹੋਣ ਅਤੇ ਕੇਂਦਰ ਸਰਕਾਰ ਦੇ ਸਬੰਧ ਵਿਚ ਪੰਜਾਬ ਸੂਬੇ ਨੂੰ ਦਰਪੇਸ਼ ਮੌਜੂਦਾ ਸਮੱਸਿਆਵਾਂ ਦੇ ਹੱਲ ਲਈ ਇਕੱਠੇ ਹੋਣ।ਵਿਕਰਮਜੀਤ ਸਾਹਨੀ ਨੇ ਪੰਜਾਬੀ ਕਿਸਾਨਾਂ ਦੀ ਦੁਰਦਸ਼ਾ ਅਤੇ ਸੂਬਾ ਸਰਕਾਰ ਵੱਲੋਂ ਪੇਂਡੂ ਵਿਕਾਸ ਫੰਡਾਂ ਅਤੇ ਮਾਰਕੀਟ ਫ਼ੀਸ ਦੇ 4200 ਕਰੋੜ ਰੁਪਏ ਨਾ ਮਿਲਣ ਕਾਰਨ ਰੁਕੇ ਪੇਂਡੂ ਵਿਕਾਸ ਕਾਰਜਾਂ ਅਤੇ ਹੋਰ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਸਾਹਨੀ ਨੇ ਕਿਹਾ ਕਿ ਪੰਜਾਬ ਭਾਰਤ ਦਾ ਅੰਨ ਦਾ ਭੰਡਾਰ ਹੈ ਅਤੇ ਇਸ ਲਈ ਕਿਸਾਨਾਂ ਦੇ ਭਲੇ ਲਈ ਪੇਂਡੂ ਖੇਤਰਾਂ ਦਾ ਵਿਕਾਸ ਅਤੇ ਮੰਡੀਆਂ ਵਿਚ ਬੁਨਿਆਦੀ ਢਾਂਚਾ ਤਿਆਰ ਕਰਨਾ ਮਹੱਤਵਪੂਰਨ ਹੈ।ਸਾਹਨੀ ਨੇ ਸੂਬੇ ਦੇ 3 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਅਤੇ ਇਸ ਦੇ ਪੁਨਰਗਠਨ ਦੀ ਫੌਰੀ ਲੋੜ ਬਾਰੇ ਵੀ ਚਰਚਾ ਕੀਤੀ ਅਤੇ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਅਤੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਖਾੜਕੂਵਾਦ ਦਾ ਗਵਾਹ ਹੈ, ਇਸ ਲਈ ਪੰਜਾਬ ਵਿੱਤੀ ਰਾਹਤ ਪੈਕੇਜ ਦਾ ਹੱਕਦਾਰ ਹੈ। ਵਿਕਰਮਜੀਤ ਸਾਹਨੀ ਨੇ ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਲਈ ਵਿਸ਼ੇਸ਼ ਰਾਹਤ ਪੈਕੇਜ ਦੀ ਲੋੜ ਨੂੰ ਵੀ ਦੁਹਰਾਇਆ। ਗੱਲਬਾਤ ਵਿਚ ਹਿੱਸਾ ਲੈਣ ਵਾਲੇ ਸਾਂਸਦ ਮੈਂਬਰਾਂ ਵਿੱਚ ਸੋਮ ਪ੍ਰਕਾਸ਼, ਵਣਜ ਰਾਜ ਮੰਤਰੀ, ਰਾਘਵ ਚੱਢਾ, ਸੰਤ ਬਲਬੀਰ ਸਿੰਘ ਸੀਚੇਵਾਲ, ਸੁਸ਼ੀਲ ਕੁਮਾਰ ਰਿੰਕੂ, ਅਸ਼ੋਕ ਮਿੱਤਲ, ਮਨੀਸ਼ ਤਿਵਾੜੀ, ਗੁਰਜੀਤ ਸਿੰਘ ਔਜਲਾ, ਡਾ. ਅਮਰ ਸਿੰਘ, ਮੁਹੰਮਦ ਸਦੀਕ, ਰਾਜੀਵ ਪ੍ਰਤਾਪ ਰੂਡੀ ਅਤੇ ਕਈ ਹੋਰ ਸੰਸਦ ਮੈਂਬਰ ਸ਼ਾਮਲ ਸਨ।



# ਸੁਖਬੀਰ ਬਾਦਲ ਦੀਆਂ ਵਧੀਆਂ ਚੁਣੌਤੀਆਂ, ਅਕਾਲੀ ਦਲ ਦਾ ਡਿੱਗਿਆ ਗਰਾਫ਼

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਲਈ ਅੰਦਰੂਨੀ ਅਤੇ ਬਾਹਰੀ ਸੰਕਟ ਵੱਧਣ ਕਾਰਨ ਭਵਿੱਖ 'ਚ ਚੁਣੌਤੀਆਂ ਵੱਡੀਆਂ ਹੋਣ ਦੇ ਸੰਕੇਤ ਦਿਖਾਈ ਦੇ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਪਾਰਟੀ ਦੀ ਮਹਿਲਾ ਵਿੰਗ ਦੀ ਨਵੀਂ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਸਮੁੱਚਾ ਮਹਿਲਾ ਵਿੰਗ ਬਾਗ਼ੀ ਹੋ ਗਿਆ ਹੈ। ਇਸ ਤੋਂ ਇਲਾਵਾ ਕੌਮੀ ਪੱਧਰ 'ਤੇ ਕਿਸੇ ਵੀ ਵੱਡੇ ਗੱਠਜੋੜ ਨਾਲ ਅਕਾਲੀ ਦਲ ਦੀ ਸਾਂਝ ਭਿਆਲੀ ਨਹੀਂ ਪੈ ਰਹੀ। ਸੂਬੇ 'ਚ ਪੌਣੇ ਤਿੰਨ ਦਹਾਕਿਆਂ ਦੇ ਸਮੇਂ ਤੋਂ ਬਾਅਦ ਪਹਿਲੀ ਵਾਰੀ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੌਮੀ ਸਿਆਸਤ 'ਚ ਪੂਰੀ ਤਰ ਾਂ ਬੇਅਸਰ ਦਿਖਾਈ ਦੇ ਰਿਹਾ ਹੈ। ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਤੋਂ ਬਾਅਦ ਜਿਵੇਂ ਹੀ ਭਾਰਤੀ ਜਨਤਾ ਪਾਰਟੀ ਨੇ ਕੌਮੀ ਜਮਹੂਰੀ ਗੱਠਜੋੜ (NDA) ਦੇ ਰੁੱਸੇ ਭਾਈਵਾਲਾਂ ਨੂੰ ਮਨਾਉਣ ਦੀ ਕਵਾਇਦ ਸ਼ੁਰੂ ਕੀਤੀ ਤਾਂ ਅਕਾਲੀ ਆਗੂਆਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਸੀ ਕਿ 1996 ਤੋਂ ਸਾਲ 2020 ਤਕ NDA ਦਾ ਭਾਈਵਾਲ ਰਹਿਣ ਤੋਂ ਬਾਅਦ ਇਕ ਵਾਰੀ ਮੁੜ ਗਿਲੇ ਸ਼ਿਕਵੇ ਭੁਲਾ ਕੇ ਭਾਜਪਾ ਆਗੂ ਅਕਾਲੀਆਂ ਨੂੰ ਨਾਲ ਰਲ਼ਾ ਲੈਣਗੇ, ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਣੇ ਜਿਸ ਤਰ ਾਂ ਭਾਰਤੀ ਜਨਤਾ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਨੂੰ ਨਜ਼ਰਅੰਦਾਜ਼ ਕੀਤਾ ਹੈ, ਉਸ ਤੋਂ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਅਕਾਲੀਆਂ ਕੋਲ ਬਹੁਜਨ ਸਮਾਜ ਪਾਰਟੀ ਨਾਲ ਸਿਆਸੀ ਸਾਂਝ ਬਰਕਰਾਰ ਰੱਖਣ ਤੋਂ ਬਾਅਦ ਕੋਈ ਚਾਰਾ ਬਾਕੀ ਨਹੀਂ ਬਚਿਆ। ਹਾਲਾਂਕਿ ਪਿਛਲੇ ਦਿਨਾਂ ਦੌਰਾਨ ਅਕਾਲੀ-ਭਾਜਪਾ ਗੱਠਜੋੜ ਦੇ ਸੁਰਜੀਤ ਹੋਣ ਦੀਆਂ ਅਫ਼ਵਾਹਾਂ ਦਾ ਬਾਜ਼ਾਰ ਗਰਮ ਰਿਹਾ ਅਤੇ ਦੋਹਾਂ ਪਾਰਟੀਆਂ ਦੇ ਆਗੂਆਂ ਨੂੰ ਗੱਠਜੋੜ ਸਬੰਧੀ ਗ਼ਲਤਫ਼ਹਿਮੀਆਂ ਦੂਰ ਕਰਨੀਆਂ ਪਈਆਂ। ਪ੍ਰਧਾਨ ਮੰਤਰੀ ਨੇ ਬਾਦਲਾਂ ਦੇ ਸਿਆਸੀ ਸ਼ਰੀਕ ਸੁਖਦੇਵ ਸਿੰਘ ਢੀਂਡਸਾ ਨੂੰ ਮਰਹੂਮ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਦਾ ਵਾਰਿਸ ਕਰਾਰ ਦੇ ਕੇ ਇਕ ਤਰ ਾਂ ਨਾਲ ਸੁਖਬੀਰ ਦੇ ਜ਼ਖ਼ਮਾਂ 'ਤੇ ਨਮਕ ਛਿੜਕਿਆ ਹੈ।ਸੂਤਰਾਂ ਦਾ ਦੱਸਣਾ ਹੈ ਕਿ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਪੁਰਾਣੀ ਸਿਆਸੀ ਦੋਸਤੀ ਬਹਾਲ ਕਰਨ ਲਈ ਏਲਚੀਆਂ ਦਾ ਸਹਾਰਾ ਵੀ ਲਿਆ ਪਰ ਪ੍ਰਧਾਨ ਮੰਤਰੀ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਤੋਂ ਸਾਂਝ ਪਾਉਣ ਦੇ ਪੱਖ 'ਚ ਨਹੀਂ ਸਨ। ਇਸੇ ਕਰ ਕੇ ਭਾਜਪਾ ਆਗੂ ਭੂਪਿੰਦਰ ਯਾਦਵ ਨੂੰ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਰਾਬਤਾ ਕਾਇਮ ਕਰ ਕੇ NDA ਦੀ ਮੀਟਿੰਗ 'ਚ ਪੁੱਜਣ ਲਈ ਸੱਦਾ ਦਿੱਤਾ ਗਿਆ। ਭਾਜਪਾ ਪੰਜਾਬ 'ਚ ਆਪਣਾ ਵੀ ਆਧਾਰ ਵਧਾਉਣਾ ਚਾਹੁੰਦੀ ਹੈ। ਸਾਲ 2022 'ਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਦਾ ਵੋਟ ਬੈਂਕ ਘੱਟ ਕੇ 18 ਫ਼ੀਸਦੀ ਤਕ ਰਹਿ ਗਿਆ ਸੀ ਜਦੋਂ ਕਿ ਭਾਜਪਾ ਨੇ ਗੁਜ਼ਾਰੇ ਜੋਗੀਆਂ ਵੋਟਾਂ ਹਾਸਿਲ ਕਰਨ ਤੋਂ ਬਾਅਦ ਸੰਗਰੂਰ ਅਤੇ ਜਲੰਧਰ ਸੰਸਦੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਵੀ ਪ੍ਰਭਾਵਸ਼ਾਲੀ ਵੋਟ ਬੈਂਕ ਹਾਸਿਲ ਕੀਤਾ ਸੀ ਜਦੋਂ ਕਿ ਅਕਾਲੀਆਂ ਨੂੰ ਇਨ ਾਂ ਚੋਣਾਂ 'ਚ ਵੀ ਨਿਰਾਸ਼ਾ ਮਿਲੀ।




# ਪਾਕਿ ਦੇ ਗੁਰਦੁਆਰਾ ਟਿੱਬਾ ਨਾਨਕਸਰ ਦੀ ਹਾਲਤ ਜ਼ਰੂਰਤ ਤੋਂ ਜ਼ਿਆਦਾ ਖ਼ਸਤਾ

ਸਾਹੀਵਾਲ: ਪਾਕਿਸਤਾਨ ਦੇ ਰਾਜ ਪੰਜਾਬ ਦੇ ਸਾਹੀਵਾਲ ਜ਼ਿਲ੍ਹੇ ਦੇ ਪਾਕਟਨ ਇਲਾਕੇ 'ਚ ਸਥਿਤ ਗੁਰਦੁਆਰਾ ਟਿੱਬਾ ਨਾਨਕਸਰ ਸਾਹਿਬ ਪਾਕਿਸਤਾਨ ਸਰਕਾਰ ਦੀ ਅਣਗਹਿਲੀ ਦੇ ਕਾਰਨ ਖੰਡਰ ਬਣਨ ਦੇ ਕਗਾਰ 'ਤੇ ਹੈ। ਪਾਕਿਸਤਾਨ ਵੱਕਫ਼ ਬੋਰਡ ਅਤੇ ਪਾਕਿਸਤਾਨ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਪਾਕਿਸਤਾਨ 'ਚ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਕਰਨ 'ਚ ਪੂਰੀ ਤਰ੍ਹਾਂ ਨਾਲ ਅਸਫ਼ਲ ਰਹੀ ਹੈ। ਪਾਕਟਨ ਤੋਂ ਲਗਭਗ ਛੇ ਕਿਲੋਮੀਟਰ ਦੂਰ ਸਥਿਤ ਇਹ ਪਵਿੱਤਰ ਗੁਰਦੁਆਰਾ ਸ੍ਰੀ ਨਾਨਕ ਦੇਵ ਜੀ ਮਹਾਰਾਜ ਨਾਲ ਸਬੰਧਤ ਹੈ।ਸੂਤਰਾਂ ਅਨੁਸਾਰ ਸਿੱਖ ਧਰਮ 'ਚ ਇਸ ਧਾਰਮਿਕ ਸਥਾਨ ਦਾ ਬਹੁਤ ਮਹੱਤਵ ਹੈ ਕਿਉਂਕਿ ਇਹ ਮੰਨਿਆ ਜਾਦਾ ਹੈ ਕਿ ਇਹ ਉਹ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਇਬ੍ਰਾਹਿਮ ਫ਼ਰੀਦ ਸਾਨੀ ਨਾਲ ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਇਕੱਠਾ ਕੀਤਾ ਸੀ ਜੋ ਬਾਅਦ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਿਲ ਕੀਤੀ ਗਈ ਸੀ। ਸੂਤਰਾਂ ਅਨੁਸਾਰ ਇਹ ਗੁਰਦੁਆਰਾ ਸਾਹਿਬ ਦੀ ਸੀਮਾ 'ਚ ਹੀ ਬਾਬਾ ਫ਼ਰੀਦ ਦੇ ਵੰਸ਼ਜ ਬਾਬਾ ਫ਼ਤਿਹਸ਼ਾਹ ਉੱਲਾ ਨੂਰੀ ਚਿਸ਼ਤੀ ਦੇ ਮਕਬਰੇ ਅਤੇ ਮਸਜਿਦ ਨੂੰ ਬਹੁਤ ਹੀ ਚੰਗੇ ਢੰਗ ਨਾਲ ਸਾਫ਼ ਸੁਥਰਾ ਰੱਖਦੇ ਹਨ, ਉੱਥੇ ਪ੍ਰਬੰਧਕਾਂ ਦੁਆਰਾ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਅਣਦੇਖੀ ਕੀਤੀ ਜਾਂਦੀ ਹੈ।ਇਸ ਗੁਰਦੁਆਰੇ ਦੀ ਇਮਾਰਤ ਨੂੰ ਪਿੰਡ ਦੇ ਲੋਕ ਪਸ਼ੂਆਂ ਦੇ ਚਾਰੇ ਨੂੰ ਰੱਖਣ ਲਈ ਪ੍ਰਯੋਗ ਕਰਦੇ ਹਨ ਅਤੇ ਇਸ ਦੀਆਂ ਕੰਧਾਂ 'ਤੇ ਗੋਬਰ ਦੇ ਉਪਲੇ ਅਤੇ ਕਮਰੇ ਗੰਦਗੀ ਅਤੇ ਪਸ਼ੂਆਂ ਦੇ ਚਾਰੇ ਨਾਲ ਭਰੇ ਹੋਏ ਹਨ। ਸ਼ੁਕਰਪੁਰ ਦੇ ਵਪਾਰੀ ਅਤੇ ਸਮਾਜ ਸੇਵਕ ਦੇਵਾ ਸਿਕੰਦਰ ਸਿੰਘ ਨੇ ਕਿਹਾ ਕਿ ਉਸ ਨੇ ਕਈ ਵਾਰ ਵੱਕਫ਼ ਬੋਰਡ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰੇ ਦੀ ਮੁਰੰਮਤ ਕਰਵਾਉਣ ਅਤੇ ਸੰਭਾਲ ਕਰਨ ਦੀ ਜ਼ਿੰਮੇਵਾਰੀ ਉਸ ਨੂੰ ਸੌਂਪਣ ਦੀ ਬੇਨਤੀ ਕੀਤੀ ਹੈ ਪਰ ਵਕਫ਼ ਬੋਰਡ ਨੇ ਉਸ ਦੀ ਬੇਨਤੀ ਨੂੰ ਇਹ ਕਹਿ ਕੇ ਅਸਵੀਕਾਰ ਕਰ ਦਿੱਤਾ।



# 54 ਸਾਲਾਂ ਬਾਅਦ ਸਹੀ ਪਤੇ 'ਤੇ ਪਹੁੰਚਿਆ ਪੋਸਟ ਕਾਰਡ

ਪੈਰਿਸ: ਬੇਸ਼ੱਕ ਅੱਜ ਦੁਨੀਆਂ ਬਹੁਤ ਤਰੱਕੀ ਕਰ ਚੁੱਕੀ ਹੈ ਅਤੇ ਦੁਨੀਆਂ 'ਚ ਕਿਤੇ ਵੀ ਕਿਸੇ ਨਾਲ ਵੀ ਮੋਬਾਇਲ ਰਾਹੀਂ ਗੱਲਬਾਤ ਹੋ ਜਾਂਦੀ ਹੈ। ਵੈਸੇ ਇੱਕ ਸਮਾਂ ਅਜਿਹਾ ਵੀ ਹੁੰਦਾ ਸੀ ਜਦੋਂ ਸਿਰਫ਼ ਚਿੱਠੀਆਂ ਅਤੇ ਪੋਸਟ ਕਾਰਡ ਹੀ ਚੱਲਦੇ ਸਨ। ਖੁਸ਼ਖਬਰੀ ਹੋਵੇ ਜਾਂ ਦੁਖਦਾਈ ਖ਼ਬਰ, ਡਾਕੀਆ ਚਿੱਠੀਆਂ ਰਾਹੀਂ ਹੀ ਪਹੁੰਚਾਉਂਦਾ ਸੀ। ਭਾਵੇਂ ਪੱਤਰ ਸਹੀ ਸਮੇਂ 'ਤੇ ਪਹੁੰਚ ਜਾਂਦੇ ਸਨ ਪਰ ਇਸ ਸਮੇਂ ਇੱਕ ਅਜਿਹੇ ਪੋਸਟ ਕਾਰਡ ਦੀ ਚਰਚਾ ਹੋ ਰਹੀ ਹੈ ਜਿਸ ਨੂੰ ਸਹੀ ਪਤੇ 'ਤੇ ਪਹੁੰਚਣ ਲਈ 54 ਸਾਲ ਲੱਗ ਗਏ। ਇਸ ਪੋਸਟ ਕਾਰਡ ਦੇ ਸਫ਼ਰ ਦੀ ਕਹਾਣੀ ਬੇਹੱਦ ਦਿਲਚਸਪ ਹੈ।ਬੈਂਗੋਰ ਡੇਲੀ ਨਿਊਜ਼ ਦੀ ਰਿਪੋਰਟ ਮੁਤਾਬਿਕ ਜੈਸਿਕਾ ਮੀਨਸ ਨਾਂ ਦੀ ਇੱਕ ਔਰਤ ਨੂੰ ਇਹ ਪੋਸਟ ਕਾਰਡ ਮਿਲਿਆ ਹੈ। ਬੀਤੇ ਸੋਮਵਾਰ ਨੂੰ ਜਦੋਂ ਉਸ ਨੇ ਆਪਣਾ ਮੇਲ ਬੌਕਸ ਖੋਲ੍ਹਿਆ ਤਾਂ ਉਸ ਨੂੰ ਇੱਕ ਵਿਅਕਤੀ ਦਾ ਪੋਸਟ ਕਾਰਡ ਮਿਲਿਆ ਜਿਸ ਨੂੰ ਮਰੇ ਹੋਏ 30 ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਜੈਸਿਕਾ ਮੁਤਾਬਿਕ ਇਹ ਪੋਸਟਕਾਰਡ ਪੈਰਿਸ ਤੋਂ ਸਾਲ 1969 'ਚ ਭੇਜਿਆ ਗਿਆ ਸੀ, ਜੋ 54 ਸਾਲਾਂ ਬਾਅਦ ਯਾਨੀ 2023 'ਚ ਸਹੀ ਪਤੇ 'ਤੇ ਪਹੁੰਚਿਆ। ਜੈਸਿਕਾ ਇਹ ਦੇਖ ਕੇ ਹੈਰਾਨ ਰਹਿ ਗਈ ਤੇ ਉਸ ਨੇ ਸੋਚਿਆ ਕਿ ਇਹ ਕਿਸੇ ਗੁਆਂਢੀ ਲਈ ਹੋਵੇਗਾ, ਪਰ ਬਾਅਦ 'ਚ ਪਤਾ ਲੱਗਾ ਕਿ ਪੋਸਟ ਕਾਰਡ ਮਿਸਟਰ ਅਤੇ ਮਿਸਿਜ਼ ਰੇਨੇ ਏ.ਗਗਨਨ ਲਈ ਸੀ ਜੋ ਘਰ ਦੇ ਅਸਲ ਮਾਲਕ ਸਨ।ਜੈਸਿਕਾ ਨੇ ਅੱਗੇ ਦੱਸਿਆ ਕਿ ਇਸ ਰਹੱਸਮਈ ਪੋਸਟ ਕਾਰਡ 'ਚ ਲਿਖਿਆ ਸੀ, "ਜਦੋਂ ਤੱਕ ਤੁਹਾਨੂੰ ਇਹ ਕਾਰਡ ਮਿਲੇਗਾ, ਮੈਂ ਘਰ ਆ ਚੁੱਕਾ ਹੋਵਾਂਗਾ ਪਰ ਮੈਨੂੰ ਇਸ ਨੂੰ ਆਈਫ਼ਲ ਟਾਵਰ ਤੋਂ ਭੇਜਣਾ ਸਹੀ ਲੱਗਾ ਜਿੱਥੇ ਮੈਂ ਹੁਣ ਮੌਜੂਦ ਹਾਂ। ਬਹੁਤ ਕੁਝ ਦੇਖਣ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਜੋ ਕੁਝ ਵੀ ਦੇਖਿਆ, ਉਹ ਮਜ਼ੇਦਾਰ ਸੀ। ਜੈਸਿਕਾ ਨੇ ਇਹ ਕਾਰਡ ਸੋਸ਼ਲ ਮੀਡੀਆ 'ਤੇ ਪੋਸਟ ਕਰ ਦਿੱਤਾ ਹੈ ਜੋ ਕਾਫ਼ੀ ਵਾਇਰਲ ਹੋ ਰਿਹਾ ਹੈ। ਲੋਕ ਇਸ ਨੂੰ ਇਸ ਉਮੀਦ ਨਾਲ ਇੱਕ-ਦੂਜੇ ਨੂੰ ਟੈਗ ਕਰ ਰਹੇ ਹਨ ਕਿ ਸ਼ਾਇਦ ਕੋਈ ਸ਼ਖ਼ਸ ਇਸ ਪੋਰਟ ਕਾਰਡ ਨੂੰ ਲਿਖਣ ਵਾਲੇ ਨੂੰ ਜਾਣਦਾ ਹੋਵੇ।



# ਐਸ.ਜੀ.ਪੀ.ਸੀ. ਦੇ ਯੂਟਿਊਬ ਚੈਨਲ ਨੂੰ ਭਰਵਾਂ ਹੁੰਗਾਰਾ, ਪਹਿਲੇ ਦਿਨ ਰਿਕਾਰਡ 65 ਹਜ਼ਾਰ ਸ਼ਰਧਾਲੂਆਂ ਨੇ ਕੀਤਾ ਸਬਸਕ੍ਰਾਈਬ




ਅੰਮ੍ਰਿਤਸਰ – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੋਮਵਾਰ ਨੂੰ ਸ਼ੁਰੂ ਕੀਤੇ ਗਏ ਯੂ-ਟਿਊਬ ਚੈਨਲ 'ਐਸਜੀਪੀਸੀ ਸ੍ਰੀ ਅੰਮ੍ਰਿਤਸਰ' ਨੂੰ ਪਹਿਲੇ ਦਿਨ ਹੀ ਰਿਕਾਰਡ 65,000 ਸ਼ਰਧਾਲੂਆਂ ਵੱਲੋਂ ਸਬਸਕ੍ਰਾਈਬ ਕੀਤਾ ਗਿਆ। ਇੰਨਾ ਹੀ ਨਹੀਂ ਸੋਮਵਾਰ ਦੁਪਹਿਰ ਤਕ 40 ਹਜ਼ਾਰ ਤੋਂ ਵੱਧ ਸੰਗਤਾਂ ਨੇ ਯੂ-ਟਿਊਬ ਚੈਨਲ 'ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਦੇਖਿਆ ਅਤੇ 30 ਹਜ਼ਾਰ ਤੋਂ ਵੱਧ ਸੰਗਤਾਂ ਨੇ ਇਸ ਨੂੰ ਪਸੰਦ ਕਰਨ ਦਾ ਰਿਕਾਰਡ ਕਾਇਮ ਕੀਤਾ।

ਕੱਲ੍ਹ ਇਸ ਯੂ-ਟਿਊਬ ਚੈਨਲ ਦਾ ਰਸਮੀ ਉਦਘਾਟਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਅੱਜ ਇਸ ਨੂੰ ਰਸਮੀ ਤੌਰ 'ਤੇ ਲਾਂਚ ਕਰ ਦਿੱਤਾ ਗਿਆ ਹੈ। ਅੰਮ੍ਰਿਤ ਵੇਲੇ ਯੂਟਿਊਬ ਚੈਨਲ ਸਵੇਰੇ 3:30 ਵਜੇ ਸ਼ੁਰੂ ਹੋਇਆ। ਉਤਸਾਹਿਤ ਸ਼ਰਧਾਲੂ ਵਿਸ਼ੇਸ਼ ਤੌਰ 'ਤੇ ਇਸ ਨੂੰ ਵੇਖਣ ਅਤੇ ਸੁਣਨ ਲੱਗੇ। ਕੁਝ ਹੀ ਸਮੇਂ ਵਿੱਚ, 65,000 ਤੋਂ ਵੱਧ ਸੰਗਤਾਂ ਨੇ ਯੂਟਿਊਬ ਚੈਨਲ ਨੂੰ ਸਬਸਕ੍ਰਾਈਬ ਕੀਤਾ ਅਤੇ ਹਜ਼ਾਰਾਂ ਸੰਗਤਾਂ ਨੇ ਲਾਈਕ ਬਟਨ ਦਬਾ ਕੇ ਇਸ ਦਾ ਸਮਰਥਨ ਕੀਤਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੇ ਗਏ ਇਸ ਚੈਨਲ ਤੋਂ ਵੱਖ-ਵੱਖ ਸਮਿਆਂ 'ਤੇ ਦਿਨ ਵਿੱਚ ਕੁੱਲ 3 ਵਾਰ ਲਾਈਵ ਪ੍ਰਸਾਰਣ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਸਪੀਕਰ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਸਵੇਰੇ 3:30 ਤੋਂ 8:30 ਅੰਮ੍ਰਿਤ ਵੇਲਾ, ਬਾਅਦ ਦੁਪਹਿਰ 12:30 ਤੋਂ 2:30 ਅਤੇ ਸ਼ਾਮ 6:30 ਤੋਂ 8:30 ਵਜੇ ਤਕ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ। ਬੁਲਾਰੇ ਹਰਭਜਨ ਸਿੰਘ ਨੇ ਦੱਸਿਆ ਕਿ ਯੂਟਿਊਬ ਅਤੇ ਫੇਸਬੁੱਕ ਇੰਟਰਨੈਟ ਮੀਡੀਆ ਤੋਂ ਇਲਾਵਾ ਸੰਗਤਾਂ ਪਹਿਲਾਂ ਦੀ ਤਰ੍ਹਾਂ ਪੀ.ਟੀ.ਸੀ ਸੈਟੇਲਾਈਟ ਚੈਨਲ 'ਤੇ ਵੀ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਦੇਖ ਤੇ ਸੁਣ ਸਕਦੀਆਂ ਹਨ।

# ਨੇਹਾ ਦੀ ਵਰਲਡ ਯੂਨੀਵਰਸਿਟੀ ਗੇਮਜ਼ ਲਈ ਚੋਣ



ਜਲੰਧਰ-ਕਹਿੰਦੇ ਨੇ ਜੇਕਰ ਹੌਂਸਲੇ ਬੁਲੰਦ ਹੋਣ ਤਾਂ ਇਨਸਾਨ ਕਈ ਮੁਸ਼ਕਿਲਾਂ ਨੂੰ ਪਾਰ ਕਰਦੇ ਹੋਏ ਆਪਣੀ ਮੰਜ਼ਿਲ ਤੱਕ ਪਹੁੰਚ ਹੀ ਜਾਂਦਾ ਹੈ। ਅਜਿਹੀ ਹੀ ਮਿਸਾਲ ਬਣੀ ਹੈ ਜਲੰਧਰ ਦੀ ਰਹਿਣ ਵਾਲੀ ਨੇਹਾ। ਦੱਸ ਦੇਈਏ ਕਿ ਰਾਜ ਨਗਰ ਇਲਾਕੇ ਵਿਚ ਢਾਈ ਮਰਲੇ ਦੇ ਮਕਾਨ ਵਿਚ ਬਿਰੇਸ਼ ਸਿੰਘ ਪਰਿਵਾਰ ਦੇ 5 ਮੈਂਬਰਾਂ ਨਾਲ ਰਹਿ ਰਹੇ ਹਨ। ਬਿਰੇਸ਼ ਦੀ ਧੀ ਨੇਹਾ ਅਗਸਤ ਵਿਚ ਚੀਨ ਵਿਚ ਹੋਣ ਵਾਲੀ ਵਰਲਡ ਯੂਨੀਵਰਸਿਟੀ ਗੇਮਸ ਵਿਚ ਹਿੱਸਾ ਲਵੇਗੀ। ਸੀਨੀਅਰ ਅਤੇ ਜੂਨੀਅਰ ਚੈਂਪੀਅਨਸ਼ਿਪ ਵਿਚ ਨੇਹਾ ਹੁਣ ਤੱਕ 15 ਤੋਂ ਵਧ ਮੈਡਲ ਜਿੱਤ ਚੁੱਕੀ ਹੈ। ਨੇਹਾ ਨੂੰ 400 ਮੀਟਰ ਹਰਡਲ, 400 ਮੀਟਰ ਦੌੜ ਵਿਚ ਤਮਗੇ ਦੀ ਉਮੀਦ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 1.87 ਲੱਖ ਰੁਪਏ ਦੀ ਫ਼ੀਸ ਜਮ੍ਹਾ ਕਰਵਾਈ ਹੈ। ਕੋਚ ਸੁਨੀਲ ਕੰਬੋਜ ਦਾ ਕਹਿਣਾ ਹੈ ਕਿ ਐਥਲੈਟਿਕਸ ਖਿਡਾਰੀ ਜੋ ਇਨਕਮ ਟੈਕਸ ਇੰਸਪੈਕਟਰ ਸਨ, ਹੁਣ ਯੂ.ਐਸ. ਵਿਚ ਹਨ। ਸਤਿੰਦਰ ਬਾਜਵਾ ਨੇ ਸਪਾਈਕਸ ਦਿੱਤੇ ਹਨ। ਅੰਮ੍ਰਿਤਸਰ ਵਿਚ ਤਾਇਨਾਤ ਐਸ. ਪੀ. ਸੰਦੀਪ ਸਿੰਘ ਮੰਡ ਵੀ ਸ਼ੂਜ਼ ਤੋਹਫ਼ੇ ਵਿਚ ਦੇ ਕੇ ਮਦਦ ਕਰਦੇ ਹਨ।

# ਬਦਲ ਗਿਆ ਟਵਿੱਟਰ ਦਾ ਨਾਂ, ਨੀਲੀ ਚਿੜ੍ਹੀ ਦੀ ਥਾਂ ਦਿਖੇਗਾ 'ਐਕਸ'



ਨਵੀਂ ਦਿੱਲੀ- ਏਲਨ ਮਸਕ ਨੇ ਟਵਿੱਟਰ ਵਿਚ ਕਈ ਬਦਲਾਵਾਂ ਦੇ ਵਿਚ ਹੁਣ ਇਸ ਦਾ ਨਾਂ ਵੀ ਬਦਲ ਦਿੱਤਾ ਹੈ। ਟਵਿੱਟਰ ਨੂੰ ਹੁਣ ਐਕਸ ਨਾਂ ਤੋਂ ਜਾਣਿਆ ਜਾਵੇਗਾ। ਟਵਿੱਟਰ ਦਾ ਡੋਮੇਨ ਵੀ ਹੁਣ ਟਵਿੱਟਰ.ਕਾਮ ਤੋਂ ਐਕਸ.ਕਾਮ ਹੋ ਗਿਆ ਹੈ। ਜੇਕਰ ਤੁਸੀਂ ਐਕਸ.ਕਾਮ 'ਤੇ ਵਿਜ਼ਟ ਕਰਦੇ ਹੋ ਤਾਂ ਇਹ ਤੁਹਾਨੂੰ ਟਵਿੱਟਰ.ਕਾਮ 'ਤੇ ਰੀਡਾਇਰੈਕਟ ਕਰੇਗਾ। ਏਲਨ ਮਸਕ ਨੇ ਇਸ ਸਬੰਧੀ ਟਵੀਟ ਕੀਤਾ ਹੈ। ਟਵਿੱਟਰ ਦੇ ਲੋਕਾਂ ਨੂੰ ਵੀ ਏਲਨ ਮਸਕ ਨੇ ਬਦਲਣ ਦੀ ਤਿਆਰੀ ਕਰ ਲਈ ਹੈ। ਮਸਕ ਨੇ ਟਵੀਟ ਕਰਕੇ ਇਸ ਬਦਲਾਅ ਦਾ ਸੰਕੇਤ ਦਿੱਤਾ ਹੈ। ਮਸਕ ਨੇ ਲਿਖਿਆ ਕਿ ਜਲਦ ਹੀ ਅਸੀਂ ਟਵਿੱਟਰ ਬ੍ਰਾਂਡ ਤੇ ਹੌਲੀ-ਹੌਲੀ ਸਾਰੇ ਪੰਛੀਆਂ ਨੂੰ ਅਲਵਿਦਾ ਕਹਿ ਦੇਵਾਂਗੇ। ਏਲਨ ਮਸਕ ਨੇ ਪਿਛਲੇ ਸਾਲ ਲਗਭਗ 44 ਅਰਬ ਡਾਲਰ ਵਿਚ ਟਵਿੱਟਰ ਨੂੰ ਖਰੀਦਿਆ ਸੀ। ਉਸ ਦੇ ਬਾਅਦ ਤੋਂ ਹੀ ਉਹ ਟਵਿੱਟਰ ਤੋਂ ਰੈਵੇਨਿਊ ਜੇਨਰੇਟ ਕਰਨ ਵਿਚ ਜੂਝ ਰਹੇ ਹਨ। ਰੈਵੇਨਿਊ ਲਈ ਏਲਨ ਮਸਕ ਨੇ ਬਲਿਊ ਟਿਕ ਨੂੰ ਪੇਡ ਕੀਤਾ ਯਾਨੀ ਹੁਣ ਸਿਰਫ ਉਸ ਨੂੰ ਬਲਿਊ ਟਿਕ ਮਿਲੇਗਾ ਜੋ ਪੈਸੇ ਦੇਵੇਗਾ। ਇਸ ਤੋਂ ਇਲਾਵਾ ਏਲਨ ਮਸਕ ਨੇ ਫ੍ਰੀ ਅਕਾਊਂਟ ਤੋਂ ਟਵੀਟ ਕਰਨ ਤੇ ਟਵੀਟ ਦੇਖਣ 'ਤੇ ਵੀ ਲਿਮਟ ਲਗਾ ਦਿੱਤੀ ਹੈ। ਨਾਲ ਹੀ ਡਾਇਰੈਕਟ ਮੈਸੇਜ ਨੂੰ ਵੀ ਪੇਡ ਕਰਨ ਜਾ ਰਹੇ ਹਨ। ਏਲਨ ਮਸਕ ਨੇ ਕਟੌਤੀ ਦੀ ਮਾਲਕ ਬਣਦੇ ਹੀ ਕਈ ਵੱਡੇ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢਿਆ ਸੀ ਜਿਸ ਵਿਚ ਭਾਰਤੀ ਮੂਲ ਦੇ ਟਵਿੱਟਰ ਸੀ.ਈ.ਓ. ਪਰਾਗ ਅਗਰਵਾਲ ਵੀ ਸ਼ਾਮਲ ਸਨ। ਏਲਨ ਮਸਕ ਜਲਦ ਹੀ ਟਵਿੱਟਰ ਦਾ ਨਵਾਂ ਲੋਗੋ ਵੀ ਜਾਰੀ ਕਰ ਸਕਦੇ ਹਨ। ਏਲਨ ਮਸਕ ਨੇ ਆਪਣੀ ਟਵਿੱਟਰ ਪ੍ਰੋਫਾਈਲ ਵਿਚ ਵੀ ਐਕਸ ਦਾ ਲੋਗੋ ਲਗਾਇਆ ਹੈ। ਪਹਿਲਾਂ ਏਲਨ ਮਸਕ ਦੀ ਫੋਟੋ ਸੀ। ਏਲਨ ਮਸਕ ਟਵਿੱਟਰ ਨੂੰ ਸੁਪਰ ਐਪ ਵੀ ਬਣਾ ਸਕਦੇ ਹਨ ਜਿਸ ਦੇ ਬਾਅਦ ਇਕ ਹੀ ਪਲੇਟਫਾਰਮ 'ਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਮਿਲਣਗੀਆਂ।

# ਮੁੱਖ ਮੰਤਰੀ ਵੱਲੋਂ ਐਨ.ਆਰ.ਆਈਜ਼. ਲਈ ਮਾਲ ਵਿਭਾਗ ਨਾਲ ਸਬੰਧਤ ਦਸਤਾਵੇਜ਼ਾਂ ਦੀ ਤਸਦੀਕ ਵਾਸਤੇ ਆਨਲਾਈਨ ਪੋਰਟਲ ਦੀ ਸ਼ੁਰੂਆਤ



ਚੰਡੀਗੜ੍ਹ- ਵਿਦੇਸ਼ਾਂ ਵਿਚ ਵਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮਾਲ ਵਿਭਾਗ ਨਾਲ ਸਬੰਧਿਤ ਦਸਤਾਵੇਜ਼ਾਂ ਦੀ ਐਮਬੌਸਿੰਗ (ਜ਼ਮੀਨ-ਜਾਇਦਾਦ ਦੇ ਦਸਤਾਵੇਜ਼ਾਂ ਦੀ ਤਸਦੀਕ) ਲਈ ਅਪਲਾਈ ਕਰਨ ਵਾਸਤੇ ਆਨਲਾਈਨ ਪੋਰਟਲ eservices. punjab.gov ਦੀ ਸ਼ੁਰੂਆਤ ਕੀਤੀ।ਇਸ ਉਪਰਾਲੇ ਨੂੰ ਈ-ਗਵਰਨੈਂਸ ਵੱਲ ਕ੍ਰਾਂਤੀਕਾਰੀ ਕਦਮ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਈ ਵਾਰ, ਭਾਰਤ ਤੋਂ ਬਾਹਰ ਰਹਿੰਦੇ ਵਿਅਕਤੀ (ਐਨ.ਆਰ.ਆਈ. ਜਾਂ ਓ.ਸੀ.ਆਈ.) ਨੂੰ ਸੂਬੇ ਵਿੱਚ ਸਥਿਤ ਕਿਸੇ ਜਾਇਦਾਦ ਨੂੰ ਵੇਚਣ/ ਖਰੀਦਣ/ਕਿਰਾਏ 'ਤੇ ਦੇਣ/ਕਬਜ਼ਾ ਲੈਣ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਸਬੰਧਿਤ ਵਿਅਕਤੀ ਭਾਰਤ ਦਾ ਦੌਰਾ ਨਹੀਂ ਕਰ ਸਕਦਾ ਅਤੇ ਦਸਤਾਵੇਜ਼ਾਂ ਨੂੰ ਰਜਿਸਟਰਡ ਕਰਵਾਉਣ ਲਈ ਸਬ-ਰਜਿਸਟਰਾਰ ਦਫਤਰ ਵਿੱਚ ਵਿਅਕਤੀਗਤ ਤੌਰ 'ਤੇ ਹਾਜ਼ਰ ਨਹੀਂ ਹੋ ਸਕਦਾ।ਭਗਵੰਤ ਮਾਨ ਨੇ ਕਿਹਾ ਕਿ ਅਜਿਹੇ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਹੁਣ ਸਾਰੀ ਪ੍ਰਕਿਰਿਆ ਨੂੰ ਡਿਜੀਟਲ ਕਰ ਦਿੱਤਾ ਗਿਆ ਹੈ, ਜਿਸ ਨਾਲ ਬਿਨੈਕਾਰ ਦਸਤਾਵੇਜ਼ਾਂ ਦੀ ਐਮਬੌਸਿੰਗ ਲਈ ਆਨਲਾਈਨ ਅਪਲਾਈ ਕਰ ਸਕਦੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਇਹ ਦਸਤਾਵੇਜ਼ ਨਿਰਧਾਰਤ ਸ਼ਰਤਾਂ ਦੇ ਆਧਾਰ 'ਤੇ ਵੱਖ-ਵੱਖ ਥਾਂਵਾਂ ਜਿਵੇਂ ਕਿ ਜ਼ਿਲ੍ਹਾ, ਡਵੀਜ਼ਨਲ ਕਮਿਸ਼ਨਰ ਜਾਂ ਵਿੱਤ ਕਮਿਸ਼ਨਰ ਕੋਲ ਜਮ੍ਹਾਂ ਕਰਵਾਏ ਜਾ ਸਕਦੇ ਹਨ।ਭਗਵੰਤ ਮਾਨ ਨੇ ਕਿਹਾ ਕਿ ਇੱਕ ਵਾਰ ਬਿਨੈ-ਪੱਤਰ ਜਮ੍ਹਾਂ ਹੋਣ ਤੋਂ ਬਾਅਦ, ਇਸ ਦੀ ਸਬੰਧਿਤ ਸ਼ਾਖਾ ਦੁਆਰਾ ਡੂੰਘਾਈ ਨਾਲ ਜਾਂਚ ਕੀਤੀ ਜਾਂਦੀ ਹੈ ਅਤੇ ਮਨਜ਼ੂਰੀ ਦੀ ਪ੍ਰਕਿਰਿਆ ਹੁੰਦੀ ਹੈ।ਉਨ੍ਹਾਂ ਕਿਹਾ ਕਿ ਇਸ ਸੇਵਾ ਦਾ ਦਾਇਰਾ ਵਧਾਉਣ ਲਈ ਪੋਰਟਲ ਵਿੱਚ ਕਈ ਵਾਧੂ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਇਸ ਦੀ ਮਹੱਤਵਪੂਰਨ ਵਿਸ਼ੇਸ਼ਤਾ ਸਲਾਟ ਬੁਕਿੰਗ (ਸਮਾਂ ਤੇ ਸਥਾਨ ਦੀ ਬੁਕਿੰਗ) ਦੀ ਸਹੂਲਤ ਹੈ, ਜੋ ਕਿ ਬਿਨੈਕਾਰਾਂ ਨੂੰ ਹਰੇਕ ਸਥਾਨ 'ਤੇ ਐਮਬੌਸਿੰਗ ਸੇਵਾ ਲਈ ਆਪਣੀ ਪਸੰਦੀਦਾ ਮਿਤੀ ਅਤੇ ਸਮਾਂ ਚੁਣਨ ਦੇ ਯੋਗ ਬਣਾਉਂਦੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਬਿਹਤਰ ਸਮਾਂ-ਸਾਰਣੀ ਅਤੇ ਸਹੂਲਤ ਮਿਲਦੀ ਹੈ ਅਤੇ ਹੋਰ ਵੀ ਕਈ ਵਿਸ਼ੇਸ਼ਤਾਵਾਂ ਹਨ।ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਦਾ ਉਦੇਸ਼ ਵਰਤੋਂਕਾਰ ਲਈ ਬਿਹਤਰ ਅਨੁਭਵ ਬਣਾਉਣ ਦੇ ਨਾਲ-ਨਾਲ ਐਮਬੌਸਿੰਗ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਨਿਯਮਾਂ ਅਨੁਸਾਰ ਸਬੰਧਿਤ ਡਿਪਟੀ ਕਮਿਸ਼ਨਰ ਦਫਤਰ, ਡਵੀਜ਼ਨਲ ਕਮਿਸ਼ਨਰ ਦਫਤਰ ਜਾਂ ਵਿੱਤ ਕਮਿਸ਼ਨਰ ਦਫਤਰ ਵਿਖੇ ਜਮ੍ਹਾਂ ਕਰਵਾਈ ਜਾ ਸਕਦੀ ਹੈ।ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਹ ਪੋਰਟਲ ਲੋੜ ਅਨੁਸਾਰ ਦਸਤਾਵੇਜ਼ ਅਪਲੋਡ ਕਰਨ, ਲੋੜ ਪੈਣ 'ਤੇ ਅਦਾਇਗੀ ਦੇ ਕਈ ਵਿਧੀਆਂ (ਮਲਟੀਪਲ ਪੇਮੈਂਟ ਗੇਟਵੇ), ਫੀਸਾਂ ਦਾ ਆਟੋਮੈਟਿਕ ਜੋੜ, 29 ਸਥਾਨਾਂ ਲਈ ਸਲਾਟ ਬੁਕਿੰਗ, ਐਸ.ਐਮ.ਐਸ. ਅਤੇ ਈ-ਮੇਲ ਰਾਹੀਂ ਜਾਣਕਾਰੀ, ਫੀਸ ਜਮ੍ਹਾਂ ਕਰਵਾਉਣ 'ਤੇ ਰਸੀਦ, ਪ੍ਰਵਾਨਗੀ ਦੀ ਸੂਚਨਾ ਅਤੇ ਹੋਰ ਨੂੰ ਵੀ ਸਮਰੱਥ ਬਣਾਉਂਦਾ ਹੈ।ਭਗਵੰਤ ਮਾਨ ਨੇ ਕਿਹਾ ਕਿ ਆਨਲਾਈਨ ਪ੍ਰਣਾਲੀ ਨਾਗਰਿਕਾਂ ਨੂੰ ਦਸਤਾਵੇਜ਼ਾਂ ਦੀ ਐਮਬੌਸਿੰਗ ਲਈ 24 ਘੰਟੇ ਅਪਲਾਈ ਕਰਨ ਦੀ ਸਹੂਲਤ ਦੇਵੇਗੀ ਅਤੇ ਸਬੰਧਿਤ ਅਧਿਕਾਰੀਆਂ ਦੁਆਰਾ ਦਸਤਾਵੇਜ਼ਾਂ ਦੀ ਜਾਂਚ ਤੋਂ ਬਾਅਦ ਹੀ ਸਬੰਧਿਤ ਨਾਗਰਿਕ ਨੂੰ ਬੁਲਾਉਣ ਦੀ ਲੋੜ ਪਵੇਗੀ।ਉਨ੍ਹਾਂ ਕਿਹਾ ਕਿ ਬਿਨੈਕਾਰ ਲੋੜੀਂਦੀ ਫੀਸ ਆਨਲਾਈਨ ਵੀ ਜਮ੍ਹਾਂ ਕਰਵਾ ਸਕਣਗੇ ਅਤੇ ਨਾਗਰਿਕਾਂ ਨੂੰ ਆਪਣੇ ਦਸਤਾਵੇਜ਼ ਨੂੰ ਐਮਬੌਸ ਕਰਵਾਉਣ ਲਈ ਸਿਰਫ਼ ਇੱਕ ਵਾਰ ਸਬੰਧਿਤ ਦਫਤਰ ਆਉਣ ਦੀ ਲੋੜ ਹੈ।

# ਭਾਜਪਾ ਲਈ ਮੁਸੀਬਤ ਬਣ ਸਕਦੀ ਹੈ ਅਸ਼ਵਨੀ ਸ਼ਰਮਾ ਦੀ ਚੁੱਪ



ਜਲੰਧਰ: ਭਾਜਪਾ ਦਾ ਸੂਬਾ ਪ੍ਰਧਾਨ ਬਦਲਣ ਦਾ ਮਾਮਲਾ ਅੰਦਰੋਂ-ਅੰਦਰੀ ਧੁਖ ਰਿਹਾ ਹੈ। ਭਾਜਪਾ ਦੇ ਨਵੇਂ ਬਣੇ ਪ੍ਰਧਾਨ ਨੂੰ ਹਾਲੇ ਤਕ ਭਾਜਪਾ ਦੇ ਪੁਰਾਣੇ ਆਗੂਆਂ ਤੇ ਵਰਕਰਾਂ ਨੇ ਸਵੀਕਾਰ ਨਹੀਂ ਕੀਤਾ ਜਿਸ ਲਈ ਹਾਲੇ ਹੋਰ ਸਮਾਂ ਲੱਗ ਸਕਦਾ ਹੈ। ਇਸ ਮਾਮਲੇ 'ਚ ਭਾਜਪਾ ਦੇ ਸੂਬਾ ਪ੍ਰਧਾਨ ਵਜੋਂ ਹਟਾਏ ਗਏ ਅਸ਼ਵਨੀ ਸ਼ਰਮਾ ਨੇ ਵੀ ਚੁੱਪ ਵੱਟ ਲਈ ਹੈ ਜੋ ਕਈ ਸਵਾਲ ਖੜ੍ਹੇ ਕਰ ਰਹੀ ਹੈ।

ਵਰਨਣਯੋਗ ਹੈ ਕਿ ਭਾਜਪਾ ਲੀਡਰਸ਼ਿਪ ਨੇ ਸੂਬੇ 'ਚ ਅਸ਼ਵਨੀ ਸ਼ਰਮਾ ਨੂੰ ਪ੍ਰਧਾਨ ਵਜੋਂ ਹਟਾ ਕੇ ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਬਣਾ ਦਿੱਤਾ ਸੀ ਜਿਸ ਕਾਰਨ ਪਾਰਟੀ ਦੇ ਟਕਸਾਲੀ ਵਰਕਰ ਨਿਰਾਸ਼ ਹਨ। ਇਹ ਵੀ ਚਰਚਾ ਹੈ ਕਿ ਅਸ਼ਵਨੀ ਸ਼ਰਮਾ ਤਕ ਆਮ ਆਦਮੀ ਪਾਰਟੀ ਵਲੋਂ ਪਹੁੰਚ ਕੀਤੀ ਗਈ ਹੈ, ਅਤੇ ਉਨ ਾਂ ਨੂੰ ਮੰਤਰੀ ਬਣਾਉਣ ਦੀ ਵੀ ਪੇਸ਼ਕਸ਼ ਕੀਤੀ ਗਈ ਹੈ। ਦੱਸਣਾ ਬਣਦਾ ਹੈ ਕਿ ਪੰਜਾਬ ਵਿਧਾਨ ਸਭਾ 'ਚ ਭਾਜਪਾ ਦੇ ਦੋ ਵਿਧਾਇਕ ਹਨ ਜਿਨ ਾਂ 'ਚ ਅਸ਼ਵਨੀ ਸ਼ਰਮਾ ਪਠਾਨਕੋਟ ਅਤੇ ਜੰਗੀ ਲਾਲ ਮੁਕੇਰੀਆਂ ਤੋਂ ਵਿਧਾਇਕ ਹਨ।ਸ਼ਰਮਾ ਨੇ ਭਾਜਪਾ ਨੂੰ ਛੱਡਣ ਦੀਆਂ ਖ਼ਬਰਾਂ ਨੂੰ ਸਿਰੇ ਤੋਂ ਖ਼ਾਰਿਜ ਕਰਦਿਆਂ ਕਿਹਾ ਕਿ ਉਹ ਸ਼ੁਰੂ ਤੋਂ ਹੀ ਭਾਜਪਾ ਦੇ ਸਿਧਾਂਤਾਂ 'ਤੇ ਚਲਦੇ ਆਏ ਹਨ ਜਿਸ ਬਾਰੇ ਸਾਰੇ ਭਲੀ-ਭਾਂਤ ਜਾਣੂ ਹਨ। ਇਸ ਕਰ ਕੇ ਉਹ ਅਜਿਹਾ ਕਦਮ ਚੁੱਕਣ ਬਾਰੇ ਕਦੇ ਸੋਚ ਵੀ ਨਹੀਂ ਸਕਦੇ। ਇਹ ਵੀ ਪਤਾ ਲੱਗਾ ਹੈ ਕਿ ਅਜਿਹੀਆਂ ਕਨਸੋਆਂ ਮਿਲਣ ਤੋਂ ਬਾਅਦ ਭਾਜਪਾ ਲੀਡਰਸ਼ਿਪ ਵਲੋਂ ਉਨ ਾਂ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਭਗਵਾਂ ਪਾਰਟੀ ਦੇ ਵਰਕਰਾਂ ਨੂੰ ਇਹ ਭਲੀ-ਭਾਂਤ ਪਤਾ ਹੈ ਕਿ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਸੁਨੀਲ ਜਾਖੜ ਸਾਰੇ ਜ਼ਿਲਿ ਆਂ 'ਚ ਆਪਣੀ ਟੀਮ ਬਣਾਉਣਗੇ ਤੇ ਅਸ਼ਵਨੀ ਸ਼ਰਮਾ ਨਾਲ ਜੁੜੇ ਵੱਡੀ ਗਿਣਤੀ ਵਰਕਰ ਵੀ ਸ਼ਰਮਾ ਦਾ ਹੀ ਸਾਥ ਦੇਣਗੇ ਤੇ ਪਾਰਟੀ ਛੱਡਣ ਦੀ ਨੌਬਤ ਤੋਂ ਬਾਅਦ ਸਮੀਕਰਨ ਬਦਲ ਸਕਦੇ ਹਨ। ਭਾਜਪਾ ਦੇ ਇੱਕ ਆਗੂ ਨੇ ਦੱਸਿਆ ਕਿ ਨਗਰ ਨਿਗਮ, ਪੰਚਾਇਤ ਤੇ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤੇ ਅਜਿਹੀ ਹਾਲਤ 'ਚ ਭਾਜਪਾ ਵੱਡੇ ਪੱਧਰ 'ਤੇ ਵਰਕਰਾਂ ਵਲੋਂ ਪਾਰਟੀ ਛੱਡਣ ਦਾ ਖ਼ਤਰਾ ਮੁੱਲ ਨਹੀਂ ਲੈਣਾ ਚਾਹੇਗੀ। ਜ਼ਿਕਰਯੋਗ ਹੈ ਕਿ ਜਦੋਂ ਭਾਜਪਾ ਦੇ ਨਵੇਂ ਪ੍ਰਧਾਨ ਸੁਨੀਲ ਜਾਖੜ ਦੀ ਤਾਜਪੋਸ਼ੀ ਹੋਈ ਸੀ ਤਾਂ ਭਾਜਪਾ ਦਾ ਵੋਟਾਂ ਦਾ ਗਰਾਫ਼ ਵੱਧਣ ਦੀ ਸੰਭਾਵਨਾ ਸੀ, ਪਰ ਸਾਬਕਾ ਸੂਬਾ ਪ੍ਰਧਾਨ ਦੀ ਚੁੱਪੀ ਕਾਰਨ ਨਵੀਆਂ ਚੁਣੌਤੀਆਂ ਆ ਖੜ ਿਆਂ ਹੋਣ ਦੇ ਆਸਾਰ ਹਨ।

# ਇੰਜੀਨੀਅਰ ਦੇ ਘਰੋਂ ਚੋਰੀ ਲਾਇਕ ਕੁਝ ਨਾ ਮਿਲਣ 'ਤੇ 500 ਰੁਪਏ ਛੱਡ ਕੇ ਗਏ ਚੋਰ






ਨਵੀਂ ਦਿੱਲੀ: ਦਿੱਲੀ ਦੇ ਰੋਹਿਣੀ ਇਲਾਕੇ 'ਚ ਇੱਕ ਸੌਫ਼ਟਵੇਅਰ ਇੰਜੀਨੀਅਰ ਦੇ ਘਰ ਚੋਰੀ ਕਰਨ ਆਏ ਸੀ ਪਰ ਉਨ੍ਹਾਂ ਨੂੰ ਉਮੀਦ ਮੁਤਾਬਿਕ ਘਰ 'ਚ ਚੋਰੀ ਕਰਨ ਲਈ ਕੁਝ ਵੀ ਨਹੀਂ ਮਿਲਿਆ। ਇਹ ਦੇਖ ਕੇ ਚੋਰ ਇੰਜੀਨੀਅਰ ਦੇ ਘਰ 500 ਰੁਪਏ ਛੱਡ ਕੇ ਚਲੇ ਗਏ। ਇਹ ਗੱਲ ਖ਼ੁਦ ਘਰ ਦੇ ਮਾਲਿਕ ਰਿਟਾਇਰਡ ਇੰਜੀਨੀਅਰ ਰਾਮਕ੍ਰਿਸ਼ਨ (80) ਨੇ ਪੁਲੀਸ ਨੂੰ ਦੱਸੀ। ਪੁਲੀਸ ਵਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ ਪੁਲੀਸ ਨੂੰ PCR ਦੀ ਕਾਲ ਆਈ ਜਿਸ ਅਨੁਸਾਰ ਇਹ ਚੋਰੀ ਰੋਹਿਣੀ ਦੇ ਸੈਕਟਰ 8 'ਚ ਹੋਈ। ਚੋਰੀ ਦੀ ਘਟਨਾ ਦੀ ਸੂਚਨਾ ਮਿਲਣ 'ਤੇ ਉੱਤਰੀ ਰੋਹਿਣੀ ਥਾਣੇ ਦੀ ਟੀਮ ਉਸ ਦੇ ਘਰ ਪਹੁੰਚੀ ਜਿੱਥੇ ਰਾਮਕ੍ਰਿਸ਼ਨ ਨੇ ਚੋਰੀ ਦੀ ਸ਼ਿਕਾਇਤ ਦਿੱਤੀ। ਰਾਮਕ੍ਰਿਸ਼ਨ ਅਨੁਸਾਰ 19 ਜੁਲਾਈ ਨੂੰ ਸਵੇਰੇ 8 ਵਜੇ ਸਵੇਰੇ ਉਹ ਆਪਣੀ ਪਤਨੀ ਨਾਲ ਆਪਣੇ ਬੇਟੇ ਨੂੰ ਮਿਲਣ ਗੁਰੂਗ੍ਰਾਮ ਗਿਆ ਸੀ। ਘਟਨਾ 20-21 ਜੁਲਾਈ ਦੀ ਰਾਤ ਨੂੰ ਵਾਪਰੀ। ਸਵੇਰੇ ਗੁਆਂਢੀ ਨੇ ਉਸ ਨੂੰ ਫ਼ੋਨ ਕਰ ਕੇ ਦੱਸਿਆ ਕਿ ਉਸ ਦੇ ਘਰ ਚੋਰੀ ਹੋ ਗਈ ਹੈ।

ਜਦੋਂ ਬਜ਼ੁਰਗ ਕਾਹਲੀ ਨਾਲ ਆਪਣੇ ਘਰ ਪਰਤਿਆ ਤਾਂ ਉਸ ਨੇ ਦੇਖਿਆ ਕਿ ਉਸ ਦੇ ਘਰ ਦਾ ਮੁੱਖ ਦਰਵਾਜ਼ਾ ਟੁੱਟਿਆ ਹੋਇਆ ਸੀ। ਘਰ ਦੇ ਅੰਦਰ ਜਾ ਕੇ ਦੇਖਿਆ ਤਾਂ ਸਭ ਕੁਝ ਉੱਥਲ-ਪੁੱਥਲ 'ਚ ਸੀ। ਹਾਲਾਂਕਿ ਉਸ ਦੇ ਘਰੋਂ ਕੁਝ ਵੀ ਗਾਇਬ ਨਹੀਂ ਸੀ ਹੋਇਆ ਕਿਉਂਕਿ ਉਸ ਨੇ ਘਰ 'ਚ ਕੋਈ ਜ਼ਰੂਰੀ ਅਤੇ ਕੀਮਤੀ ਸਮਾਨ ਹੈ ਹੀ ਨਹੀਂ ਸੀ। ਉਸ ਨੇ ਦੱਸਿਆ ਕਿ ਉਸ ਦੇ ਘਰੋਂ ਕੁਝ ਵੀ ਗਾਇਬ ਨਹੀਂ ਹੋਇਆ, ਪਰ ਉਸ ਨੂੰ ਘਰ ਦੇ ਬਾਹਰ 500 ਰੁਪਏ ਦਾ ਇੱਕ ਨੋਟ ਮਿਲਿਆ ਹੈ।



When you want to read News that matters

# The South Asian Insider Weekly




## Uncompromised and Unbiased

*21 Glorious Years *Always a Step Ahead
*Journalism of Courage
*Fearless Voice of the Community

www.thesouthasianinsider.com

# ਰੂਸੀ ਮਿਜ਼ਾਈਲਾਂ ਕਾਰਨ ਓਡੇਸਾ ਦੇ 25 ਸਮਾਰਕਾਂ ਨੂੰ ਨੁਕਸਾਨ, ਯੂਕ੍ਰੇਨ ਦਾ ਦੋਸ਼



ਕੀਵ- : ਯੂਕਰੇਨ ਨੇ ਦੋਸ਼ ਲਇਆ ਹੈ ਕਿ ਰੂਸੀ ਮਿਜ਼ਾਈਲਾਂ ਕਾਰਨ ਓਡੇਸਾ ਵਿੱਚ 25 ਤੋਂ ਵੱਧ ਪ੍ਰਾਚੀਨ ਸਮਾਰਕਾਂ ਨੂੰ ਨੁਕਸਾਨ ਪਹੁੰਚਿਆ ਹੈ। ਖੇਤਰ ਲਈ ਯੂਕਰੇਨ ਦੇ ਫ਼ੌਜੀ ਪ੍ਰਸ਼ਾਸਨ ਦੇ ਮੁਖੀ ਓਲੇਹ ਕਿਪਰ ਨੇ ਕਿਹਾ ਕਿ ਰੂਸ ਨੇ ਜਾਣਬੁੱਝ ਕੇ ਯੂਨੈਸਕੋ ਦੁਆਰਾ ਸੁਰੱਖਿਅਤ ਇਤਿਹਾਸਕ ਸ਼ਹਿਰ ਓਡੇਸਾ ਤੇ ਆਪਣੀਆਂ ਮਿਜ਼ਾਈਲਾਂ ਦਾਗੀਆਂ। ਕਿਪਰ ਨੇ ਕਿਹਾ ਕਿ ਮਹਾਨ ਆਰਕੀਟੈਕਟਾਂ ਦੁਆਰਾ ਬੜੀ ਮਿਹਨਤ ਨਾਲ ਬਣਾਈ ਗਈ ਹਰ ਚੀਜ਼ ਨੂੰ ਹੁਣ ਸਨਕੀ ਅਤੇ ਅਣਮਨੁੱਖੀ ਲੋਕਾਂ ਦੁਆਰਾ ਨਸ਼ਟ ਕੀਤਾ ਜਾ ਰਿਹਾ ਹੈ। ਯੂਕਰੇਨ ਦੀ ਦੱਖਣੀ ਆਪ੍ਰੇਸ਼ਨਲ ਕਮਾਂਡ ਅਨੁਸਾਰ ਰੂਸੀ ਹਮਲੇ ਵਿੱਚ ਘੱਟੋ-ਘੱਟ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 19 ਹੋਰ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚ ਚਾਰ ਬੱਚੇ ਵੀ ਸ਼ਾਮਲ ਹਨ।ਓਡੇਸਾ ਦੇ ਮੇਅਰ ਹੇਨਾਦੀ ਟਰੂਖਾਨੋਵ ਨੇ ਐਤਵਾਰ ਨੂੰ ਘੋਸ਼ਣਾ ਕੀਤੀ ਕਿ ਕਈ ਹੋਰ ਸੱਭਿਆਚਾਰਕ ਸਥਾਨ ਜਿਵੇਂ ਕਿ ਹਾਊਸ ਆਫ ਸਾਇੰਟਿਸਟਸ, ਜਿਸ ਨੂੰ ਕਾਉਂਟਸ ਟਾਲਸਟਾਏ ਦੇ ਮਹਿਲ ਵਜੋਂ ਵੀ ਜਾਣਿਆ ਜਾਂਦਾ ਹੈ, ਅਤੇ ਝਵਨੇਤਸਕੀ ਬੁਲੇਵਾਰਡ ਤੇ ਕਈ ਇਤਿਹਾਸਕ ਮਹੱਲਾਂ ਨੂੰ ਨੁਕਸਾਨ ਪਹੁੰਚਿਆ ਹੈ। ਤਬਾਹ ਕੀਤੇ ਗਏ ਢਾਂਚਿਆਂ ਵਿੱਚ ਸ਼ਹਿਰ ਦਾ ਸਭ ਤੋਂ ਵੱਡਾ ਚਰਚ, ਸਪਾਸੋ-ਪ੍ਰੀਓਬਰਾਜ਼ੇਨਸਕੀ ਕੈਥੇਡ੍ਰਲ ਸ਼ਾਮਲ ਸੀ। ਚਰਚ ਨੂੰ ਸੋਵੀਅਤ ਕਾਲ ਦੌਰਾਨ ਢਾਹ ਦਿੱਤਾ ਗਿਆ ਸੀ, ਪਰ ਯੂਕਰੇਨ ਦੀ ਆਜ਼ਾਦੀ ਤੋਂ ਬਾਅਦ ਇਸਨੂੰ ਦੁਬਾਰਾ ਬਣਾਇਆ ਗਿਆ ਸੀ।ਰੂਸ ਨੇ ਯੂਕਰੇਨ ਦੇ ਦਾਅਵਿਆਂ ਤੋਂ ਇਨਕਾਰ ਕੀਤਾ ਹੈ ਕਿ ਉਸ ਨੇ ਨਾਗਰਿਕ ਟਿਕਾਣਿਆਂ ਅਤੇ ਸੱਭਿਆਚਾਰਕ ਸਮਾਰਕਾਂ ਤੇ ਹਮਲਾ ਕੀਤਾ ਹੈ।

## ਸੈਂਸਰ ਬੋਰਡ 'ਤੇ ਭੜਕੇ ਅਨੁਰਾਗ ਠਾਕੁਰ

# 'ਓਪਨਹਾਈਮਰ' ਫ਼ਿਲਮ ਦੇ 'ਇਤਰਾਜ਼ਯੋਗ ਸੀਨ' ਨੂੰ ਫਿਲਟਰ ਕਿਉਂ ਨਹੀਂ ਕੀਤਾ





ਮੁੰਬਈ – ਕ੍ਰਿਸਟੋਫਰ ਨੋਲਨ ਦੀ ਫ਼ਿਲਮ 'ਓਪਨਹਾਈਮਰ' ਜਿਥੇ ਬਾਕਸ ਆਫਿਸ 'ਤੇ ਧਮਾਕੇਦਾਰ ਕਮਾਈ ਕਰ ਰਹੀ ਹੈ, ਉਥੇ ਹੀ ਇਸ ਫ਼ਿਲਮ ਨੂੰ ਲੈ ਕੇ ਭਗਵਦ ਗੀਤਾ ਨਾਲ ਜੁੜਿਆ ਵਿਵਾਦ ਵੀ ਡੂੰਘਾ ਹੁੰਦਾ ਜਾ ਰਿਹਾ ਹੈ। ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਇਸ ਹਾਲੀਵੁੱਡ ਫ਼ਿਲਮ 'ਚ 'ਇਤਰਾਜ਼ਯੋਗ' ਦ੍ਰਿਸ਼ਾਂ ਨੂੰ ਲੈ ਕੇ ਸੋਮਵਾਰ ਨੂੰ ਸੈਂਸਰ ਬੋਰਡ ਨੂੰ ਆਪਣੀ ਨਾਰਾਜ਼ਗੀ ਜ਼ਾਹਿਰ ਕਰਦਿਆਂ ਨਵੇਂ ਨਿਰਦੇਸ਼ ਦਿੱਤੇ ਹਨ। ਸੂਤਰਾਂ ਦੇ ਹਵਾਲੇ ਤੋਂ ਦੱਸਿਆ ਹੈ ਕਿ ਅਨੁਰਾਗ ਠਾਕੁਰ ਨੇ ਫ਼ਿਲਮ ਦੇ ਇਕ ਸੀਨ 'ਤੇ ਇਤਰਾਜ਼ ਜਤਾਇਆ ਹੈ, ਜਿਸ 'ਚ ਇਕ ਔਰਤ ਸੀਨ ਦੌਰਾਨ ਹਿੰਦੂ ਧਾਰਮਿਕ ਗ੍ਰੰਥ ਭਗਵਦ ਗੀਤਾ ਨੂੰ ਫੜ੍ਹ ਕੇ ਪਾਠ ਕਰਦੀ ਨਜ਼ਰ ਆ ਰਹੀ ਹੈ। ਕੇਂਦਰੀ ਮੰਤਰੀ ਨੇ ਸੈਂਸਰ ਬੋਰਡ ਤੋਂ ਸਖ਼ਤੀ ਨਾਲ ਪੁੱਛਿਆ ਹੈ ਕਿ ਇਸ ਸੀਨ ਨੂੰ ਪਰਦੇ 'ਤੇ ਰਿਲੀਜ਼ ਕਰਨ ਲਈ ਮਨਜ਼ੂਰੀ ਕਿਵੇਂ ਦਿੱਤੀ ਗਈ।ਰਿਪੋਰਟ 'ਚ ਕਿਹਾ ਗਿਆ ਹੈ ਕਿ ਕੇਂਦਰੀ ਮੰਤਰੀ ਨੇ ਸੈਂਸਰ ਬੋਰਡ ਤੋਂ ਪੁੱਛਿਆ ਹੈ ਕਿ 'ਓਪਨਹਾਈਮਰ' ਦੇ ਇਸ ਸੀਨ ਨੂੰ ਫਿਲਟਰ ਕਿਉਂ ਨਹੀਂ ਕੀਤਾ ਗਿਆ। ਇੰਨਾ ਹੀ ਨਹੀਂ, ਇਸ ਸੀਨ 'ਤੇ ਤੁਰੰਤ ਐਕਸ਼ਨ ਲੈਂਦਿਆਂ ਇਸ ਨੂੰ ਫ਼ਿਲਮ 'ਚੋਂ ਹਟਾਉਣ ਲਈ ਕਿਹਾ ਗਿਆ ਹੈ। ਸੂਤਰਾਂ ਦੇ ਹਵਾਲੇ ਨਾਲ ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਅਨੁਰਾਗ ਠਾਕੁਰ ਦੀ ਨਾਰਾਜ਼ਗੀ ਇਸ ਹੱਦ ਤੱਕ ਹੈ ਕਿ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਜਲਦ ਕਾਰਵਾਈ ਕੀਤੀ ਜਾ ਸਕਦੀ ਹੈ।

# ਭਾਰਤ ਨੇ ਅੰਤਰਰਾਸ਼ਟਰੀ ਟੈਂਟ ਪੈਗਿੰਗ ਟੂਰਨਾਮੈਂਟ 'ਚ ਜਿੱਤੇ 11 ਤਮਗ਼ੇ



ਮਾਸਕੋ- ਭਾਰਤੀ ਘੋੜਸਵਾਰ ਟੀਮ ਨੇ ਮਾਸਕੋ 'ਚ ਆਯੋਜਿਤ ਅੰਤਰਰਾਸ਼ਟਰੀ ਟੈਂਟ ਪੈਗਿੰਗ ਟੂਰਨਾਮੈਂਟ 'ਚ ਓਵਰਆਲ ਸੋਨ ਤਮਗ਼ਾ ਹਾਸਲ ਕੀਤਾ। ਟੈਂਟ ਪੈਗਿੰਗ 10 ਮਾਨਤਾ ਪ੍ਰਾਪਤ ਘੋੜਸਵਾਰ ਖੇਡਾਂ ਵਿੱਚੋਂ ਇੱਕ ਹੈ। ਇਸ ਵਿਚ ਘੋੜਸਵਾਰ ਦਾ ਉਦੇਸ਼ ਭਾਲੇ ਜਾਂ ਤਲਵਾਰ ਦੀ ਮਦਦ ਨਾਲ ਮੈਦਾਨ 'ਤੇ ਰੱਖੇ ਸਾਮਾਨ (ਰਿੰਗ, ਨਿੰਬੂ ਜਾਂ ਹੋਰ ਵਸਤੂਆਂ) ਨੂੰ ਵੱਖਰਾ ਕਰਕੇ ਨਿਸ਼ਾਨੇ ਵੱਲ ਲਿਜਾਣਾ ਹੁੰਦਾ ਹੈ।4 ਮੈਂਬਰੀ ਭਾਰਤੀ ਟੀਮ ਨੇ ਰਵਾਇਤੀ ਪਹਿਰਾਵੇ ਵਿੱਚ ਆਯੋਜਿਤ ਇਸ ਟੂਰਨਾਮੈਂਟ ਵਿੱਚ 4 ਸੋਨ, ਇੰਨੇ ਹੀ ਚਾਂਦੀ ਅਤੇ 3 ਕਾਂਸੀ ਦੇ ਤਮਗ਼ੇ ਜਿੱਤੇ। 8 ਦੇਸ਼ਾਂ ਦਾ ਇਹ ਟੂਰਨਾਮੈਂਟ ਅੰਤਰਰਾਸ਼ਟਰੀ ਟੈਂਟ ਪੈਗਿੰਗ ਫੈਡਰੇਸ਼ਨ ਵੱਲੋਂ 21 ਤੋਂ 23 ਜੁਲਾਈ ਤੱਕ ਆਯੋਜਿਤ ਕੀਤਾ ਗਿਆ ਸੀ। ਭਾਰਤ ਲਈ ਮੋਹਿਤ ਕੁਮਾਰ ਅਤੇ ਦਿਨੇਸ਼ ਗੰਗਾਰਾਮ ਕਾਰਲੇਕਰ ਨੇ ਇੰਡਲ ਲਾਂਸ , ਰਿੰਗ ਐਂਡ ਪੈਗਸ ਅਤੇ ਲੇਮਨ ਐਂਡ ਪੈਗਸ ਈਵੈਂਟਸ 'ਚ ਜ਼ਿਆਦਾਤਰ ਤਮਗ਼ੇ ਜਿੱਤੇ। ਟੂਰਨਾਮੈਂਟ ਵਿੱਚ ਭਾਰਤ ਤੋਂ ਇਲਾਵਾ ਰੂਸ, ਈਰਾਨ, ਬੇਲਾਰੂਸ, ਕੁਵੈਤ, ਕਤਰ, ਕਜ਼ਾਕਿਸਤਾਨ ਅਤੇ ਸੀਰੀਆ ਨੇ ਵੀ ਹਿੱਸਾ ਲਿਆ ਸੀ।

# ਸਰਕਾਰ ਦੀ ਅਣਗਹਿਲੀ ਕਾਰਨ ਗੁਰਦੁਆਰਾ ਟਿੱਬਾ ਨਾਨਕਸਰ ਖੰਡਰ ਬਣਨ ਦੀ ਕਗਾਰ 'ਤੇ



ਸਾਹੀਵਾਲ- ਪਾਕਿਸਤਾਨ ਦੇ ਰਾਜ ਪੰਜਾਬ ਦੇ ਸਾਹੀਵਾਲ ਜ਼ਿਲ੍ਹੇ ਦੇ ਪਾਕਟਨ ਇਲਾਕੇ 'ਚ ਸਥਿਤ ਗੁਰਦੁਆਰਾ ਟਿੱਬਾ ਨਾਨਕਸਰ ਸਾਹਿਬ ਪਾਕਿਸਤਾਨ ਸਰਕਾਰ ਦੀ ਅਣਗਹਿਲੀ ਦੇ ਕਾਰਨ ਖੰਡਰ ਬਣਨ ਦੀ ਕਗਾਰ 'ਤੇ ਹੈ। ਪਾਕਿਸਤਾਨ ਵਕਫ਼ ਬੋਰਡ ਅਤੇ ਪਾਕਿਸਤਾਨ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਕਰਨ ਵਿਚ ਪੂਰੀ ਤਰ੍ਹਾਂ ਨਾਲ ਅਸਫ਼ਲ ਰਹੀ ਹੈ। ਪਾਕਟਨ ਤੋਂ ਲਗਭਗ 6 ਕਿਲੋਮੀਟਰ ਦੂਰ ਸਥਿਤ ਇਹ ਪਵਿੱਤਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਸਬੰਧਤ ਹੈ। ਸੂਤਰਾਂ ਅਨੁਸਾਰ ਸਿੱਖ ਧਰਮ 'ਚ ਇਸ ਧਾਰਮਿਕ ਸਥਾਨ ਦਾ ਬਹੁਤ ਮਹੱਤਵ ਹੈ, ਕਿਉਂਕਿ ਇਹ ਮੰਨਿਆ ਜਾਦਾ ਹੈ ਕਿ ਇਹ ਉਹ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਇਬ੍ਰਾਹਿਮ ਫ਼ਰੀਦ ਸਾਨੀ ਨਾਲ ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਇਕੱਠਾ ਕੀਤਾ ਸੀ, ਜੋ ਬਾਅਦ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਸੀ। ਸੂਤਰਾਂ ਅਨੁਸਾਰ ਇਹ ਗੁਰਦੁਆਰਾ ਸਾਹਿਬ ਦੀ ਸੀਮਾ 'ਚ ਹੀ ਬਾਬਾ ਫਰੀਦ ਦੇ ਵੰਸ਼ਜ਼ ਬਾਬਾ ਫਤਿਹਸ਼ਾਹ ਉੱਲਾ ਨੂਰੀ ਚਿਸ਼ਤੀ ਦੇ ਮਕਬਰੇ ਅਤੇ ਮਸਜਿਦ ਨੂੰ ਬਹੁਤ ਹੀ ਚੰਗੇ ਢੰਗ ਨਾਲ ਸਾਫ ਸੁਥਰਾ ਰੱਖਦੇ ਹਨ, ਉੱਥੇ ਪ੍ਰਬੰਧਕਾਂ ਦੁਆਰਾ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਅਣਦੇਖੀ ਕੀਤੀ ਜਾਂਦੀ ਹੈ।ਸਮਾਜ ਸੇਵਕ ਦੇਵਾ ਸਿਕੰਦਰ ਸਿੰਘ ਨੇ ਕਿਹਾ ਕਿ ਉਸ ਨੇ ਕਈ ਵਾਰ ਵਕਫ ਬੋਰਡ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰੇ ਦੀ ਮੁਰੰਮਤ ਕਰਵਾਉਣ ਅਤੇ ਸੰਭਾਲ ਕਰਨ ਦੀ ਜ਼ਿੰਮੇਵਾਰੀ ਉਸ ਨੂੰ ਸੌਂਪਣ ਦੀ ਬੇਨਤੀ ਕੀਤੀ ਹੈ ਪਰ ਵਕਫ਼ ਬੋਰਡ ਨੇ ਉਸ ਦੀ ਬੇਨਤੀ ਨੂੰ ਇਹ ਕਹਿ ਕੇ ਅਸਵੀਕਾਰ ਕਰ ਦਿੱਤਾ।

# ਬਾਬਾ ਫ਼ਰੀਦ ਯਾਦਗਾਰੀ ਕਲੱਬ ਵੱਲੋਂ ਵਾਲੀਬਾਲ ਸ਼ੂਟਿੰਗ ਬਾਰੇ ਮੈਗਜ਼ੀਨ ਜਾਰੀ



ਸਰੀ – ਬਾਬਾ ਫ਼ਰੀਦ ਯਾਦਗਾਰੀ ਵਾਲੀਬਾਲ ਸ਼ੂਟਿੰਗ ਕਲੱਬ ਸਰੀ ਵੱਲੋਂ ਪਿਛਲੇ ਤਿੰਨ ਦਹਾਕਿਆ ਤੋਂ ਵਿਦੇਸ਼ੀ ਧਰਤੀ ਕੈਨੇਡਾ 'ਚ ਕੀਤੀਆਂ ਜਾ ਰਹੀਆਂ ਖੇਡ ਸਰਗਰਮੀਆਂ ਨੂੰ ਕਲਮਬੰਦ ਕਰਦਾ ਮੈਗਜ਼ੀਨ ਰਿਲੀਜ਼ ਕਰਨ ਲਈ ਅੱਜ ਇਥੇ ਪੰਜਾਬ ਭਵਨ ਵਿਖੇ ਇਕ ਖੇਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸਰੀ ਸਕੂਲਜ਼ ਦੇ ਟਰੱਸਟੀ ਸ੍ਰੀ ਗੈਰੀ ਥਿੰਦ ਨੇ ਖੇਡ ਕਲੱਬ ਦੇ ਕੈਨੇਡਾ 'ਚ ਖੇਡ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ, ਆਉਂਦੇ ਸਮੇਂ 'ਚ ਸਰਕਾਰੀ ਪੱਧਰ 'ਤੇ ਸਰੀ ਦੇ ਸਕੂਲਾਂ 'ਚ ਜ਼ਿਲ੍ਹਾ ਪੱਧਰ 'ਤੇ ਵਾਲੀਬਾਲ ਸ਼ੂਟਿੰਗ ਦਾ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ।ਉਨ੍ਹਾਂ ਬਾਬਾ ਫਰੀਦ ਕਲੱਬ ਨੂੰ 500 ਡਾਲਰ ਦਾ ਚੈਕ ਵੀ ਵਿੱਤੀ ਸਹਾਇਤਾ ਵਜੋਂ ਭੇਟ ਕੀਤਾ। ਇਸ ਮੌਕੇ ਉਘੇ ਸਮਾਜ ਸੇਵੀ ਸੁੱਖੀ ਬਾਠ ਨੇ ਕਿਹਾ ਕਿ ਕੈਨੇਡਾ ਦੀ ਧਰਤੀ 'ਤੇ ਪੰਜਾਬ ਦੀ ਜਵਾਨੀ ਨੂੰ ਖੇਡਾਂ ਨਾਲ ਜੋੜਨ ਲਈ ਕਲੱਬ ਦੇ ਉਪਰਾਲੇ ਅਹਿਮ ਕਦਮ ਹਨ। ਉਨ੍ਹਾਂ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੂੰ ਆਪਣੀ ਮਾਤ ਭੂਮੀ ਤੇ ਪਾਣੀ ਦੀ ਮਾਰ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਮਾਤ ਭੂਮੀ 'ਤੇ ਸਹਿਯੋਗ ਦਾ ਸੱਦਾ ਦਿੱਤਾ। ਇਸ ਮੌਕੇ ਸ੍ਰੀ ਥਿੰਦ ਅਤੇ ਸੁੱਖੀ ਬਾਠ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਜਗਰਾਉਂ ਤੋਂ ਪੁੱਜੇ ਪੱਤਰਕਾਰ ਜੋਗਿੰਦਰ ਸਿੰਘ ਨੇ ਕਿਹਾ ਕਿ ਦਹਾਕੇ ਪਹਿਲਾਂ ਪ੍ਰਵਾਸ ਕਰਕੇ ਕੈਨੇਡਾ ਪੁੱਜੇ ਪੰਜਾਬੀ ਆਪਣੇ ਨਾਲ ਆਪਣੇ ਸ਼ੌਂਕ ਵੀ ਲੈ ਆਏ ਤੇ ਇਨ੍ਹਾਂ ਪੰਜਾਬੀਆਂ ਨੇ ਆਪਣੀਆਂ ਵਿਰਾਸਤੀ ਖੇਡਾਂ ਨੂੰ ਇੱਥੋਂ ਦੇ ਇੰਨਡੋਰ ਸਟੇਡੀਅਮਾਂ ਦਾ ਸ਼ਿੰਗਾਰ ਬਣਾ ਦਿੱਤਾ। ਉਨ੍ਹਾਂ ਕਲੱਬ ਦੇ ਉਪਰਾਲੇ ਲਈ ਵਧਾਈ ਦਿੱਤੀ ਅਤੇ ਇਸ ਖੇਡ ਨੂੰ ਪੰਜਾਬ ਵਿਚ ਸਰਕਾਰੀ ਤੌਰ 'ਤੇ ਉਤਸ਼ਾਹਿਤ ਕਰਨ ਲਈ ਯਤਨਾਂ ਨੂੰ ਤੇਜ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਕਲੱਬ ਵਲੋਂ ਵਰਿੰਦਰ ਸਿੰਘ ਖੱਟੜਾ ਨੇ ਕਲੱਬ ਦੀਆਂ ਖੇਡ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਤੇ ਇਨ੍ਹਾਂ ਉਪਰਲਿਆਂ ਨੂੰ ਹੋਰ ਤੇਜ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕਲੱਬ ਵਲੋਂ ਰਾਗੀ ਸਰੀ ਨੇ ਵਾਲੀਬਾਲ ਸ਼ੂਟਿੰਗ ਨੂੰ ਪ੍ਰਮੋਟ ਕਰਨ ਲਈ ਸਾਂਝੇ ਯਤਨਾਂ ਦਾ ਸੱਦਾ ਦਿੱਤਾ। ਇਸ ਮੌਕੇ ਜਗਦੇਵ ਸਿੰਘ ਢਿੱਲੋਂ ਅਤੇ ਆਕਾਸ਼ ਛੀਨਾ ਨੇ ਕਲੱਬ ਵਲੋਂ ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਅਲਵਿਦਾ ! ਦਮਦਾਰ ਲੋਕ ਗਾਇਕੀ ਦੀਆਂ ਸੁਰਾਂ ਦੇ ਸਿਕੰਦਰ: ਸੁਰਿੰਦਰ ਛਿੰਦਾ

ਉਜਾਗਰ ਸਿੰਘ
94178-13072

ਪੰਜਾਬੀ ਲੋਕ ਗਾਇਕੀ ਨੂੰ ਲੋਕਾਂ ਵਿੱਚ ਹਰਮਨ ਪਿਆਰਾ ਬਣਾਉਣ ਵਾਲੇ ਮਿਠਬੋਲੜੇ ਗਾਇਕ ਦੇ ਤੁਰ ਜਾਣ ਨਾਲ ਸੰਗੀਤ ਦੀ ਦੁਨੀਆਂ ਵਿੱਚ ਖਲਾਅ ਪੈਦਾ ਹੋ ਗਿਆ ਹੈ। ਦੋਸਤਾਂ ਮਿੱਤਰਾਂ ਦਾ ਦਿਲਜਾਨੀ ਪਿਆਰ ਮੁਹੱਬਤ ਦੀਆਂ ਬਾਤਾਂ ਪਾਉਣ ਵਾਲਾ ਸੁਰਿੰਦਰ ਛਿੰਦਾ ਰੂਹ ਦੀ ਖਰਾਕ ਦਿੰਦਾ ਹੋਇਆ ਆਪ ਇਕ ਰੂਹ ਬਣ ਗਿਆਹੈ। ਪੰਜਾਬੀ ਲੋਕ ਗਾਇਕੀ ਦੀ ਵਿਰਾਸਤ ਦਾ ਪਹਿਰੇਦਾਰ ਸੁਰਿੰਦਰ ਛਿੰਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਤਾਂ ਕਹਿ ਗਿਆ ਹੈ ਪ੍ਰੰਤੂ ਉਸ ਦੇ ਤੁਰ ਜਾਣ ਨਾਲ ਹੀ ਲੋਕ ਗਾਥਾਵਾਂ ਦੀ ਸ਼ਾਨਦਾਰ ਗਾਇਕੀ ਦਾ ਅੰਤ ਵੀ ਹੋ ਗਿਆ ਹੈ। ਕੁਲਦੀਪ ਮਾਣਕ ਅਤੇ ਸੁਰਿੰਦਰ ਛਿੰਦਾ ਲੋਕ ਗਾਥਾਵਾਂ ਦੀ ਗਾਇਕੀ ਦੇ ਸਭਿਅਚਾਰਕ ਥੰਮ ਸਨ, ਇਨ੍ਹਾਂ ਦੋਵਾਂ ਥੰਮਾਂ ਦੇ ਗਿਰਨ ਨਾਲ ਸਭਿਅਚਾਰਕ ਵਿਰਾਸਤ ਦੀ ਇਮਾਰਤ ਢਹਿ ਢੇਰੀ ਹੋ ਗਈ ਹੈ। ਇਕ ਕਿਸਮ ਨਾਲ ਪੰਜਾਬੀ ਲੋਕ ਗਾਇਕੀ ਦੇ ਸ਼ਾਨਦਾਰ ਦੌਰ ਦਾ ਅੰਤ ਹੋ ਗਿਆ ਹੈ। ਆਮ ਤੌਰ ’ਤੇ ਲੋਕ ਗਾਇਕੀ ਦੇ ਇਤਿਹਾਸ ’ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਬਹੁਤੇ ਗਾਇਕਾਂ ਦੇ ਗੀਤ ਪਰਿਵਾਰਾਂ ਵਿੱਚ ਬੈਠ ਕੇ ਸੁਣੇ ਨਹੀਂ ਜਾ ਸਕਦੇ ਸਨ। ਉਨ੍ਹਾਂ ਗੀਤਾਂ ਦੇ ਸਿਰ ’ਤੇ ਉਹ ਗਾਇਕ ਪ੍ਰਸਿੱਧੀ ਪ੍ਰਾਪਤ ਕਰਦੇ ਸਨ ਕਿਉਂਕਿ ਨੌਜਵਾਨ ਚੱਕਵੇਂ ਗੀਤਾਂ ਨੂੰ ਪਸੰਦ ਕਰਦੇ ਸਨ ਪ੍ਰੰਤੂ ਸੁਰਿੰਦਰ ਛਿੰਦੇ ਨੂੰ ਮਾਣ ਜਾਂਦਾ ਹੈ ਕਿ ਉਸ ਨੇ ਲੋਕ ਗਾਇਕੀ ਵਿੱਚ ਪ੍ਰਸਿੱਧੀ ਜਿਓਣਾ ਮੌੜ ਦੀ ਲੋਕ ਗਾਥਾ ਨਾਲ ਪ੍ਰਾਪਤ ਕੀਤੀ ਸੀ। ਜੀਓਣਾ ਮੌੜ ਸੁਰਿੰਦਰ ਛਿੰਦਾ ਦੀ ਗਾਇਕੀ ਦਾ ਸਿਖਰ ਸੀ। ਉਸ ਨੂੰ ਇਹ ਵੀ ਮਾਣ ਜਾਂਦਾ ਹੈ ਕਿ ਉਸ ਦੇ ਗੀਤ ਸਮਾਜ ਦੇ ਹਰ ਵਰਗ ਨੇ ਪਸੰਦ ਕੀਤੇ ਹਨ। ਉਹ ਬਹੁ-ਰੰਗਾ ਅਤੇ ਬਹੁ-ਪੱਖੀ ਗਾਇਕ ਅਤੇ ਸਰਬਾਂਗੀ ਅਦਾਕਾਰ ਸੀ। ਉਸ ਦੀ ਕਮਾਲ ਇਹ ਸੀ ਕਿ ਉਹ ਲੋਕ ਗਾਥਾਵਾਂ ਹਿੱਕ ਦੇ ਜ਼ੋਰ ਨਾਲ ਗਾਉਂਦਾ ਸੀ। ਆਪਣੀ ਗਾਇਕੀ ਦੇ ਪੰਜਾਹ ਸਾਲ ਦੌਰਾਨ ਉਸ ਨੇ ਜ਼ਿੰਦਗੀ ਦੇ ਹਰ ਰੰਗ ਦਾ ਆਨੰਦ ਮਾਣਿਆ। ਜੇਕਰ ਉਸ ਨੇ ਜਿਓਣੇ ਮੌੜ ਦੀ ਲੋਕ ਗਾਥਾ ਨਾਲ ਨਾਮਣਾ ਖੱਟਿਆ ਤਾਂ ਇਸ ਦੇ ਨਾਲ ਹੀ ਉਸ ਨੇ ਉਚਾ ਦਰ ਬਾਬੇ ਨਾਨਕ ਦੀ ਗਾਇਕੀ ਨਾਲ ਵੀ ਸਮਾਜ ਵਿੱਚ ਵਿਸ਼ੇਸ਼ ਦਰਜਾ ਪ੍ਰਾਪਤ ਕੀਤਾ। ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ ’ਤੇ ਰਾਜ ਕਰਦਾ ਹੋਇਆ ਉਨ੍ਹਾਂ ਦੇ ਦਿਲ ਕੱਢ ਕੇ ਲੈ ਗਿਆ ਹੈ। ਸੁਰਿੰਦਰ ਛਿੰਦਾ ਨੂੰ ਲੋਕ ਗਾਇਕੀ ਦਾ ਬਾਦਸ਼ਾਹ ਕਿਹਾ ਜਾ ਸਕਦਾ ਹੈ। ਉਸ ਨੇ ਭਾਵੇਂ ਆਪਣੀ ਗਾਇਕੀ ਦਾ ਸਫਰ 1970 ਵਿੱਚ ਸ਼ੁਰੂ ਕਰ ਲਿਆ ਸੀ ਪ੍ਰੰਤੂ 1972 ਵਿੱਚ ਉਨ੍ਹਾਂ ਜਸਵੰਤ ਸਿੰਘ ਭੰਵਰਾ ਦੀ ਸ਼ਾਗਿਰਦੀ ਕੀਤੀ ਸੀ। ਉਸ ਨੇ ਗਾਇਕੀ ਨੂੰ ਰਿਆਜ਼ ਕਰਨ ਨਾਲ ਅਜਿਹਾ ਚਮਕਾਇਆ ਕਿ ਉਸ ਦਾ ਨਾਮ ਸੰਸਾਰ ਵਿੱਚ ਚਮਕਣ ਲੱਗ ਪਿਆ। ਸੁਰਿੰਦਰ ਛਿੰਦਾ ਦੇ ਵਿਵਹਾਰ, ਪਿਆਰ ਅਤੇ ਸਤਿਕਾਰ ਨੇ ਜਸਵੰਤ ਸਿੰਘ ਭੰਵਰਾ ਦੇ ਸੰਗੀਤਕ ਮਨ ਨੂੰ ਅਜਿਹਾ ਮੋਹ ਲਿਆ ਕਿ ਉਹ ਭੰਵਰਾ ਦਾ ਲਾਡਲਾ ਤੇ ਬਿਹਤਰੀਨ ਸ਼ਾਗਿਰਦ ਬਣ ਗਿਆ। ਜਸਵੰਤ ਸਿੰਘ ਭੰਵਰਾ ਨੇ ਹੀ ਸੁਰਿੰਦਰ ਛਿੰਦਾ ਨੂੰ 1975 ਵਿੱਚ ਗਾਇਕਾ ਸੁਦੇਸ਼ ਕਪੂਰ ਨਾਲ ਦੋਗਾਣੇ ਵਿੱਚ ਮੌਕਾ ਦਿੱਤਾ। ਫਿਰ ਤਾਂ ਜਿਵੇਂ ਉਸ ਦੀ ਲਾਟਰੀ ਹੀ ਖੁੱਲ੍ਹ ਗਈ, ਉਹ ਲਗਾਤਾਰ ਅੱਗੇ ਹੀ ਵੱਧਦਾ ਗਿਆ। ਉਸ ਤੋਂ ਬਾਅਦ 1977 ਵਿੱਚ ਨਾਮਵਰ ਗੀਤਕਾਰ ਦੇਵ ਥਰੀਕਿਆਂ ਵਾਲਾ ਦੀਆਂ ਲਿਖੀਆਂ ਚਾਰ ਲੋਕ ਗਾਥਾਵਾਂ ਉਚਾ ਬੁਰਜ ਲਾਹੌਰ ਦਾ ਅਜਿਹਾ ਗਾਇਆ ਕਿ ਉਹ ਲੋਕਾਂ ਦੇ ਦਿਲਾਂ ’ਤੇ ਛਾ ਗਿਆ। ਇਨ੍ਹਾਂ ਲੋਕ ਗਾਥਾਵਾਂ ਨੂੰ ਸੰਗੀਤ ਸੰਗੀਤਕਾਰ ਰਾਮ ਸਰਨ ਦਾਸ ਨੇ ਸੰਗੀਤਬੱਧ ਕੀਤਾ ਸੀ। ਇਨ੍ਹਾਂ ਲੋਕ ਗਾਥਾਵਾਂ ਕਰਕੇ ਸੁਰਿੰਦਰ ਛਿੰਦਾ ਦੀ ਗਾਇਕੀ ਦੀਆਂ ਧੁੰਮਾਂ ਪੈਣ ਲੱਗ ਗਈਆਂ। ਫਿਰ ਤਾਂ ਹਰ ਸਟੇਜ ’ਤੇ ਸੁਰਿੰਦਰ ਛਿੰਦਾ ਦੀ ਧਾਂਕ ਪੈਣ ਲੱਗੀ। ਇਸ ਤੋਂ ਬਾਅਦ 1978 ਵਿੱਚ ਆਧੁਨਿਕ ਸੰਗੀਤਕਾਰ ਚਰਨਜੀਤ ਆਹੂਜਾ ਨੇ 12 ਲੋਕ ਗਾਥਾਵਾਂ ਨੈਣਾਂ ਦੇ ਵਣਜਾਰੇ ਨੂੰ ਸੰਗੀਤਬੱਧ ਕੀਤਾ, ਜਿਸ ਨੂੰ ਜਦੋਂ ਸੁਰਿੰਦਰ ਛਿੰਦਾ ਦੀ ਆਵਾਜ਼ ਦਾ ਜਾਦੂ ਚੜ੍ਹਿਆ ਤਾਂ ਨੌਜਵਾਨ ਕਾਲਜਾਂ ਦੇ ਲੜਕੇ ਅਤੇ ਲੜਕੀਆਂ ਉਸ ਦੇ ਦੀਵਾਨੇ ਹੋ ਗਏ। ਸੁਰਿੰਦਰ ਛਿੰਦਾ ਦੀਆਂ ਕਲੀਆਂ ਅਤੇ ਲੋਕ ਗਾਥਾਵਾਂ ਨੂੰ ਲੋਕਾਂ ਨੇ ਅਜਿਹੀ ਪ੍ਰਵਾਨਗੀ ਦਿੱਤੀ ਕਿ ਹਮੇਸ਼ਾ ਜਦੋਂ ਛਿੰਦਾ ਸਟੇਜ ’ਤੇ ਚੜ੍ਹਦਾ ਤਾਂ ਲੋਕ ਇਕ ਆਵਾਜ਼ ਵਿੱਚ ਕਲੀਆਂ ਅਤੇ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਦੀ ਗਾਇਕੀ ਦੀ ਵਿਲੱਖਣ ਕਮਾਲ ਇਹੋ ਸੀ ਕਿ ਲੋਕ ਰੁਮਾਂਟਿਕ ਗੀਤਾਂ ਦੀ ਥਾਂ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਨੇ ਪਹਿਲੀ ਕੈਸਟ 1975 ਵਿੱਚ ਸੁਦੇਸ਼ ਕਪੂਰ ਨਾਲ ਕੱਢਣ ਤੋਂ ਬਾਅਦ ਸਿਰਫ 6 ਸਾਲ ਦੇ ਗਾਇਕੀ ਦੇ ਖੇਤਰ ਤੋਂ ਬਾਅਦ 1981 ਵਿੱਚ ਦੇਵ ਥਰੀਕਿਆਂ ਵਾਲੇ ਦੀ ਲੋਕ ਗਾਥਾ ਜਿਓਣਾ ਮੌੜ ਗਾਉਣ ਕਰਕੇ ਗਾਇਕੀ ਦੇ ਖੇਤਰ ਵਿੱਚ ਧਰੂ ਤਾਰੇ ਦੀ ਤਰ੍ਹਾਂ ਚਮਕਣ ਲੱਗ ਗਿਆ ਸੀ। ਉਸ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤੇ ਪਸੰਦ ਕਰਦੇ ਸਨ। ਸੁਰਿੰਦਰ ਛਿੰਦਾ ਨੇ ਜਿਓਣੇ ਮੌੜ ਦੀ ਗਾਥਾ ਦੇ ਨਾਲ ਹੀ 1981 ਵਿੱਚ ਪੁੱਤ ਜੱਟਾਂ ਦੇ ਬੁਲਾਉਣ ਬੱਕਰੇ ਗੀਤ ਗਾਇਆ, ਜਿਸ ਨੇ ਉਸ ਦੀ ਗਾਇਕੀ ਨੂੰ ਚਾਰ ਚੰਦ ਲਾ ਦਿੱਤੇ। ਇਸ ਸਮੇਂ ਸੁਰਿੰਦਰ ਛਿੰਦੇ ਦੀ ਗਾਇਕੀ ਵਿੱਚ ਇਤਨਾ ਨਿਖ਼ਾਰ ਆ ਗਿਆ ਕਿ ਉਸ ਦਾ ਸਿੱਕਾ ਚਲਣ ਲੱਗ ਪਿਆ। ਉਸ ਨੇ ਦੋਗਾਣੇ ਮਹਿੰਦਰ ਕਪੂਰ, ਸੁਰੇਸ਼ ਵਾਡੇਕਰ, ਅਨੁਰਾਧਾ ਪੌਡਵਾਲ, ਸੁਖਵੰਤ ਸੁੱਖੀ, ਹੰਸ ਰਾਜ ਹੰਸ, ਸੁਦੇਸ਼ ਕਪੂਰ, ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਪਰਮਿੰਦਰ ਸੰਧੂ ਅਤੇ ਰੰਜਨਾ ਨਾਲ ਗਾਏ ਸਨ। ਸੋਲੋ ਗਾਣਿਆਂ ਵਿੱਚ ਵੀ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਸੁਰਿੰਦਰ ਛਿੰਦਾ ਲੋਕ ਗਾਇਕੀ ਦੇ ਨਾਲ ਹੀ ਬਿਹਤਰੀਨ ਅਦਾਕਾਰ ਸੀ। ਉਸ ਨੂੰ ਟੂ ਇਨ ਵਨ ਕਿਹਾ ਜਾ ਸਕਦਾ ਹੈ। ਉਸ ਨੇ ਡੇਢ ਦਰਜਨ ਫਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਨੇ ਪੁੱਤ ਜੱਟਾਂ ਦੇ, ਯਾਰਾਂ ਦਾ ਟਰੱਕ ਬੱਲੀਏ, ਬਲਬੀਰੋ ਭਾਬੀ, ਕੇਹਰ ਸਿੰਘ ਦੀ ਮੌਤ, ਉਚਾ ਦਰ ਬਾਬੇ ਨਾਨਕ ਦਾ, ਟਰੱਕ ਡਰਾਈਵਰ, ਬਦਲਾ ਜੱਟੀ ਦਾ, ਜੱਟ ਯੋਧੇ, ਬਗਾਵਤ, ਜੱਟ ਪੰਜਾਬ ਦਾ ਆਦਿ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਦੇ ਡਾਇਲਾਗ ਦਮਦਾਰ ਹੁੰਦੇ ਸਨ।




ਸੁਰਿੰਦਰ ਛਿੰਦਾ ਦਾ ਜਨਮ 20 ਮਈ 1953 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਛੋਟੀ ਇਯਾਲੀ ਵਿਖੇ ਮਾਤਾ ਵਿਦਿਆਵਤੀ ਅਤੇ ਪਿਤਾ ਬਚਨ ਰਾਮ ਦੇ ਘਰ ਹੋਇਆ ਸੀ। ਉਸ ਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਮਲਟੀਪਰਪਜ਼ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ ਸੀ। ਥੋੜ੍ਹੀ ਦੇਰ ਉਹ ਕਿਸੇ ਵਰਕਸ਼ਾਪ ਵਿੱਚ ਮਕੈਨਿਕੀ ਵੀ ਸਿਖਦਾ ਰਿਹਾ। ਗਾਇਕੀ ਦਾ ਸ਼ੌਕ ਉਸ ਨੂੰ ਸਕੂਲ ਵਿੱਚ ਪੜ੍ਹਦਿਆਂ ਹੀ ਲੱਗ ਗਿਆ ਸੀ। ਉਹ ਸਕੂਲ ਦੀਆਂ ਸਟੇਜਾਂ ’ਤੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦਾ ਰਹਿੰਦਾ। ਕਲਾਕਾਰ ਬਣਨ ਦੀ ਪ੍ਰਵਿਰਤੀ ਉਸ ਨੂੰ ਗਾਉਣ ਲਈ ਪ੍ਰੇਰਦੀ ਰਹਿੰਦੀ ਸੀ। ਫਿਰ ਉਸ ਨੇ ਗਾਇਕੀ ਵਲ ਮੁਹਾਰਾਂ ਮੋੜ ਦਿੱਤੀਆਂ। ਉਸ ਦਾ ਵਿਆਹ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀਆਂ ਦੋ ਲੜਕੀਆਂ ਅਤੇ ਦੋ ਲੜਕੇ ਹਨ। ਉਨ੍ਹਾਂ ਦਾ ਇਕ ਲੜਕਾ ਮਨਿੰਦਰ ਛਿੰਦਾ ਗਾਇਕ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਉਸ ਦਾ ਲੜਕਾ ਪਰਿਵਾਰਿਕ ਵਿਰਾਸਤ ਨੂੰ ਬਰਕਰਾਰ ਰੱਖੇਗਾ। ਸੁਰਿੰਦਰ ਛਿੰਦਾ ਦਾ ਨਾਮ ਸੁਰਿੰਦਰ ਪਾਲ ਧੰਮਾ ਸੀ ਪ੍ਰੰਤੂ ਜਦੋਂ ਉਹ ਗਾਇਕੀ ਵਿੱਚ ਆਇਆ ਤਾਂ ਸੁਰਿੰਦਰ ਛਿੰਦਾ ਹੀ ਲਿਖਣ ਲੱਗ ਪਿਆ। ਉਸ ਦਾ ਪਿਤਾ ਬਚਨ ਰਾਮ ਇਕ ਕਾਰਪੈਂਟਰ ਸੀ ਪ੍ਰੰਤੂ ਇਸ ਦੇ ਨਾਲ ਹੀ ਉਹ ਗਾਇਕ ਵੀ ਸੀ। ਸੁਰਿੰਦਰ ਛਿੰਦਾ ਨੂੰ ਗਾਇਕੀ ਦੀ ਗੁੜ੍ਹਤੀ ਆਪਣੀ ਪਰਿਵਾਰਕ ਵਿਰਾਸਤ ਵਿੱਚੋਂ ਹੀ ਮਿਲੀ ਸੀ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜਿਸ ਗਵਰਧਨ ਦਾਸ ਤੋਂ ਉਸ ਦੇ ਪਿਤਾ ਬਚਨ ਰਾਮ ਨੇ ਸੰਗੀਤ ਸਿੱਖਿਆ ਸੀ ਉਸ ਤੋਂ ਹੀ ਸੁਰਿੰਦਰ ਛਿੰਦੇ ਨੇ ਸੰਗੀਤ ਦੀ ਸਿੱਖਿਆ ਲਈ ਸੀ।

# ਹੜ੍ਹ: ਕੁਦਰਤੀ ਆਫ਼ਤ ਜਾਂ ਮਸਨੂਈ ਕਰੋਪੀ ?

ਦਲਜੀਤ ਅਮੀ

ਬਰਸਾਤ ਦੇ ਮੌਸਮ ਵਿਚ ਹੜ੍ਹ ਆਏ ਤਾਂ ਪੁਰਾਣੀ ਬਹਿਸ ਨਵੇਂ ਸਿਰੇ ਤੋਂ ਸ਼ੁਰੂ ਹੋ ਗਈ । ਇਸ ਬਹਿਸ ਦੇ ਸਿਰੇ ਇਕ ਪਾਸੇ ਆਲਮੀ ਤਪਸ਼ ਦੇ ਮਸਲੇ ਨੂੰ ਨਜ਼ਰਅੰਦਾਜ਼ ਕਰਨ ਅਤੇ ਮੌਸਮਾਂ ਦੀ ਵਿਗੜਦੀ ਤਰਤੀਬ ਨਾਲ ਜੁੜੇ ਹਨ; ਦੂਜੇ ਪਾਸੇ ਮੁਕਾਮੀ ਬਦਇੰਤਜ਼ਾਮੀ ਨਾਲ ਜੋ ਮੁਨਾਫ਼ੇ ਦੀ ਦੌੜ ਵਿਚ ਬਰਸਾਤ ਦੀ ਮਿਕਦਾਰ ਅਤੇ ਕੂਲ੍ਹਾਂ, ਚੋਆਂ ਅਤੇ ਨਦੀਆਂ ਦੇ ਰਵਾਇਤੀ ਵਹਿਣਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ । ਤੀਜਾ ਪੱਖ ਮੌਜੂਦਾ ਰਿਆਸਤ ਦੇ ਖ਼ਾਸੇ ਨਾਲ ਜੁੜਿਆ ਹੋਇਆ ਹੈ ਜੋ ਅਰਥਚਾਰੇ ਨੂੰ ਮੰਡੀ ਨਾਲ ਜੋੜਨ ਤੁਰਿਆ ਸੀ ਅਤੇ ਹੁਣ ਸਮਾਜ ਦੇ ਨਾਲ-ਨਾਲ ਆਵਾਮੀ ਭਲੇ ਨਾਲ ਜੁੜੇ ਹਰ ਇੰਤਜ਼ਾਮ/ਉਪਰਾਲੇ ਨੂੰ ਮੰਡੀ ਨਾਲ ਜੋੜਨ ਤੱਕ ਪੁੱਜ ਗਿਆ ਹੈ । ਚੌਥਾ ਪੱਖ ਵੀ ਰਿਆਸਤ ਦੇ ਖ਼ਾਸੇ ਨਾਲ ਹੀ ਜੁੜਿਆ ਹੋਇਆ ਹੈ ਜਦੋਂ ਮੌਜੂਦਾ ਦੌਰ ਵਿਚ ਸਰਕਾਰਾਂ, ਰਿਆਸਤ ਦੇ ਅਦਾਰਿਆਂ ਉੱਤੇ ਭਾਰੂ ਹੋ ਗਈਆਂ ਹਨ । ਨਤੀਜੇ ਵਜੋਂ ਰਿਆਸਤ ਦਾ ਰੋਜ਼ਮਰ੍ਹਾ ਦਾ ਕੰਮ ਵੀ ਸਰਕਾਰਾਂ ਰਾਹੀਂ ਹੁਕਮਰਾਨ ਸਿਆਸੀ ਧਿਰਾਂ ਦੇ ਹੱਥ ਆ ਗਿਆ ਹੈ ।

ਇਸ ਲੇਖ ਦਾ ਘੇਰਾ ਹੜ੍ਹ ਦੇ ਖ਼ਾਸੇ ਦੀ ਸ਼ਨਾਖ਼ਤ ਕਰਨ ਅਤੇ ਇਸ ਨਾਲ ਜੁੜੀਆਂ ਇੰਤਜ਼ਾਮੀਆ ਪੇਸ਼ਬੰਦੀਆਂ ਤੇ ਪਹਿਲਕਦਮੀਆਂ ਦੀ ਪੜਚੋਲ ਤੱਕ ਮਹਿਦੂਦ ਹੈ, ਜਿਸ ਲਈ ਕੋਰੋਨਾਵਾਇਰਸ ਦੀ ਮਿਸਾਲ ਵਰਤੀ ਜਾ ਸਕਦੀ ਹੈ । ਸਭ ਤੋਂ ਪਹਿਲਾਂ ਹੜ੍ਹ ਨਾਲ ਜੁੜਿਆ ਪੁਰਾਣਾ ਸੁਆਲ ਹੈ ਕਿ ਕੀ ਇਹ ਕੁਦਰਤੀ ਆਫ਼ਤ ਹੈ ਜਾਂ ਮਨਸੂਈ ਕਰੋਪੀ । ਕੁਦਰਤੀ ਆਫ਼ਤਾਂ ਵਿਚ ਮਹਾਂਮਾਰੀਆਂ, ਭੂਚਾਲ, ਤੂਫ਼ਾਨ, ਗੜ੍ਹੇਮਾਰੀ ਅਤੇ ਹੜ੍ਹ ਆਉਂਦੇ ਹਨ ਕਿਉਂਕਿ ਇਨ੍ਹਾਂ ਦਾ ਅਹਿਮ ਪੱਖ ਕੁਦਰਤੀ ਸਰਗਰਮੀ ਨਾਲ ਜੁੜਿਆ ਹੋਇਆ ਹੈ। ਭੂਚਾਲ, ਤੂਫ਼ਾਨ, ਗੜ੍ਹੇਮਾਰੀ ਅਤੇ ਹੜ੍ਹ ਵਰਗੀਆਂ ਮਾਰਾਂ ਕੁਦਰਤੀ ਸਰਗਰਮੀ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਦੀ ਭਵਿੱਖਬਾਣੀ ਲਈ ਥਾਹ ਪਾਉਣ ਅਤੇ ਪੜਚੋਲ ਲਈ ਸਮਝ ਬਣਾਉਣ ਦੇ ਆਹਰ ਵਿਚ ਮਨੁੱਖ ਲਗਾਤਾਰ ਲੱਗਿਆ ਹੋਇਆ ਹੈ । ਹਰ ਪੜਚੋਲ ਅਗਲੀ ਵਾਰ ਲਈ ਬਿਹਤਰ ਅੰਦਾਜ਼ਾ ਲਗਾਉਣ ਵਿਚ ਸਹਾਈ ਹੁੰਦੀ ਹੈ ਅਤੇ ਹਰ ਤਜਰਬੇ ਨਾਲ ਬਿਹਤਰ ਪੜਚੋਲ ਦੀ ਗੁੰਜਾਇਸ਼ ਪੈਦਾ ਹੁੰਦੀ ਹੈ। ਮਨੁੱਖੀ ਸਮਝ ਦੇ ਬਿਹਤਰ ਹੋਣ ਦਾ ਨਤੀਜਾ ਹੈ ਕਿ ਮਹਾਂਮਾਰੀਆਂ ਦੀ ਬੇਮੁਹਾਰੀ ਨੂੰ ਨੱਥ ਪਈ ਹੈ । ਕੋਰੋਨਾਵਾਇਰਸ ਦੇ ਹਵਾਲੇ ਨਾਲ ਇਹ ਸਾਬਿਤ ਹੋ ਗਿਆ ਹੈ ਕਿ ਜ਼ਿਆਦਾ ਮਾਰਖੋਰਾ ਹੋਣ ਦੇ ਬਾਵਜੂਦ ਇਸ ਜਿਰਮ ਦੀ ਸ਼ਨਾਖ਼ਤ ਕਰਨ ਅਤੇ ਤੋੜ ਲੱਭਣ ਦੀ ਮਨੁੱਖੀ ਸਮਰੱਥਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੀ । ਨਤੀਜੇ ਵਜੋਂ ਨਾ ਸਿਰਫ਼ ਇਸ ਵਾਇਰਸ ਦੀ ਮੁੱਢਲੀ ਸ਼ਨਾਖ਼ਤ ਜਲਦੀ ਹੋ ਸਕੀ ਸਗੋਂ ਇਸ ਦੇ ਬਦਲਦੇ ਰੂਪ ਦਾ ਰੁਝਾਨ ਵੀ ਸਮਝਿਆ ਜਾ ਸਕਿਆ। ਰੋਕਥਾਮ ਅਤੇ ਇਲਾਜ ਦੀਆਂ ਇਕ ਤੋਂ ਜ਼ਿਆਦਾ ਵਿਧੀਆਂ ਬਣੀਆਂ ਅਤੇ ਇਹ ਕੰਮ ਜਾਰੀ ਹੈ ।

ਵਿਗਿਆਨੀ ਇਸ ਦਲੀਲ ਲਈ ਤੱਥ ਜੁਟਾਉਣ ਵਿਚ ਕਾਮਯਾਬ ਹੋਏ ਹਨ ਕਿ ਕੋਰੋਨਾਵਾਇਰਸ ਕੋਈ ਆਖ਼ਰੀ ਮਹਾਮਾਰੀ ਨਹੀਂ ਹੈ ਪਰ ਮਹਾਮਾਰੀ ਜਾਂ ਨਵੇਂ ਜਿਰਮਾਂ/ਮਰਜ਼ਾਂ ਨਾਲ ਸਿੱਝਣ ਦੇ ਮਾਮਲੇ ਵਿਚ ਵੀ ਕੋਈ ਅੰਤਿਮ ਗਿਆਨ ਵਾਲਾ ਪੜਾਅ ਨਹੀਂ ਆਇਆ ਅਤੇ ਨਾ ਹੀ ਕਦੇ ਆਵੇਗਾ । ਆਉਣ ਵਾਲੇ ਦੌਰ ਵਿਚ ਮਹਾਮਾਰੀ ਜਾਂ ਨਵੇਂ ਜਿਰਮ/ਮਰਜ਼ ਦੇ ਹਮਲੇ ਵੀ ਹੋਣਗੇ ਪਰ ਉਨ੍ਹਾਂ ਨਾਲ ਸਿੱਝਣ ਦੀ ਮਨੁੱਖੀ ਸਮਰੱਥਾ ਵਿਚ ਵੀ ਲਗਾਤਾਰ ਵਾਧਾ ਹੋਵੇਗਾ । ਨਵੇਂ ਗਿਆਨ-ਵਿਗਿਆਨ ਨਾਲ ਬਿਹਤਰ ਗਿਆਨ-ਵਿਗਿਆਨ ਪੈਦਾ ਹੋਣਾ ਹੈ ਜੋ ਨਵੀਂਆਂ ਮਹਾਮਾਰੀਆਂ ਵੇਲੇ ਜਿਰਮਾਂ ਦੀ ਸ਼ਨਾਖ਼ਤ ਕਰਨ, ਉਨ੍ਹਾਂ ਦੀ ਪੜਚੋਲ ਕਰਨ ਅਤੇ ਉਨ੍ਹਾਂ ਦੇ ਵੇਲ-ਵਾਧੇ ਦੀ ਤਰਤੀਬ ਬੁੱਝਣ ਵਿਚ ਸਹਾਈ ਹੋਵੇਗਾ। ਇਸੇ ਨਾਲ ਇਲਾਜ ਦੀ ਵਿਧ ਬਣੇਗੀ। ਵਿਗਿਆਨੀਆਂ ਦਾ ਮੰਨਣਾ ਹੈ ਕਿ ਹੁਣ ਸੁਆਲ ਇਹ ਹੈ ਕਿ ਨਵੀਂ ਮਹਾਮਾਰੀ ਵੇਲੇ ਜਿਰਮ ਦੀ ਸ਼ਨਾਖ਼ਤ ਵਿਚ ਸਮਾਂ ਕਿੰਨਾ ਘੱਟ ਤੋਂ ਘੱਟ ਲੱਗਦਾ ਹੈ । ਉਸ ਤੋਂ ਬਾਅਦ ਰੋਕਥਾਮ ਅਤੇ ਇਲਾਜ ਦਾ ਕਾਰਗਰ ਤਰੀਕਾ ਕਿੰਨੀ ਦੇਰ ਵਿਚ ਤਿਆਰ ਹੁੰਦਾ ਹੈ ਅਤੇ ਸਮੁੱਚੀ ਆਬਾਦੀ ਨੂੰ ਉਸ ਤਰੀਕੇ ਦੇ ਘੇਰੇ ਵਿਚ ਕਿੰਨੀ ਜਲਦੀ ਲਿਆਂਦਾ ਜਾ ਸਕਦਾ ਹੈ ।

ਇਸੇ ਤਰ੍ਹਾਂ ਮਹਾਮਾਰੀ ਦਾ ਬਿਆਨੀਆ ਤਿਆਰ ਕਰਨ ਦਾ ਤਰੀਕਾ ਬਦਲ ਗਿਆ ਹੈ। ਨਵੇਂ ਜਿਰਮ ਦਾ ਆਉਣਾ ਕੁਦਰਤੀ ਹੋ ਸਕਦਾ ਹੈ ਜਾਂ ਮਨੁੱਖੀ ਸਰਗਰਮੀ ਦਾ ਹੈਰਤਅੰਗੇਜ਼ (ਸਬੱਬ ਜਾਂ ਸਾਜ਼ਿਸ਼ ਜਾਂ ਗ਼ਲਤੀ) ਨਤੀਜਾ ਹੋ ਸਕਦਾ ਹੈ । ਨਵੇਂ ਜਿਰਮ ਨਾਲ ਸਿੱਝਣ ਦੀ ਤਿਆਰੀ ਵਿਚ ਵਿਗਿਆਨ ਅਤੇ ਵਸੀਲੇ ਤਾਇਨਾਤ ਰਹਿਣੇ ਚਾਹੀਦੇ ਹਨ । ਹੁਣ ਮਹਾਮਾਰੀ ਦੀ ਮਾਰ ਦਾ ਬਿਆਨੀਆ ਸਿਰਫ਼ ਜਿਰਮ/ਮਰਜ਼ ਦੀ ਮਾਰ ਦੇ ਹਵਾਲੇ ਨਾਲ ਤਿਆਰ ਨਹੀਂ ਹੋਣਾ ਸਗੋਂ ਵਿਗਿਆਨ ਅਤੇ ਵਿਗਿਆਨਕ ਖੋਜ ਵਿਚ ਲੱਗੇ ਵਸੀਲਿਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਵੇਗਾ । ਇਸ ਨਾਲ ਰਿਆਸਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸੇ ਨਵੇਂ ਜਿਰਮ/ਮਰਜ਼ ਦੀ ਰੋਕਥਾਮ ਅਤੇ ਇਲਾਜ ਲਈ ਲੋੜੀਂਦੇ ਵਸੀਲੇ ਲਾਮਬੰਦ ਕਰ ਕੇ ਰੱਖੇ।

# WORKING CAPITAL R US





## SOLUTIONS

SBA FINANCING | ASSET BASED LOANS | EQUIPMENT FINANCING

ACCOUNTS RECEIVABLES | BUSINESS LINES OF CREDIT

We look forward to your valued inquiry
for our Business Solutions.


**Call (646) 897 3016**

info@workingcapitalrus.com
www. workingcapitalrus.com


IDP USA
INDIA DAY PARADE
LONG ISLAND • NEW YORK
Cordially Invites You To Join
Azadi Ka Amrit Mahotsav
DEEPAK BANSAL
President IDPUSA
VIMAL GOYAL
IDP President
12TH INDIA DAY PARADE
Sunday, August 27th, 2023 at 12:00 pm
Form: PATEL BROTHERS to LIRR Parking Lot of 125 West John St. Hicksville, NY 11801
FREE ADMISSION We welcome All
BIG WIN
RAFFLE TICKET
ROAD TRIP TO INDIA VALUE UPTO $1000
FREE CHILDREN CARNIVAL GAMES
SPECIAL ATTRACTIONS:
Live DJ and Dance Performances, Cultural Programs, Dignitaries,
Mouth Watering Food and Shopping, Kids Fun and Activities, Henna & Tattoos,
Live DJ and Dance, Live Marching Bands, Garba, Dhol, Bhangra, Dignitaries, and Much More.
GRAND SPONSORS
Omega Storage
PROPERTY PROFESSIONALS
STI CONSULTANTS COMMERCIAL FINANCE
INDIAN VISA CENTER
VISA/OCI/PIO/PASSPORT Application Assistance Center
MEDIA PARTNERS
The South Asian Times
Hum Hindustani
INSIDER
NEWS INDIA
TV ASIA
PREET NAMA
The Indian Eye
PTC NEWS
5 NOW
CHARDIKLA TIME TV
GLOBAL PUNJAB
Josh
JEE PUNJABI
ਪੰਜਾਬੀ ਦੁਨੀਆ
The INDIAN PANORAMA
LONG ISLAND
AND MUCH MORE EXITED PRIZES
IDPUSA, 353 South Broadway, Hicksville, NY 110801
Not-For-Profit 501(C) (3) Organization Tax ID Number 47-3999472
Website : wwwidpusa.org
Please Contact for more Information 516 978 7125, 516 304 8808
P&D By: Print Sign Eddy #(516) 697-6200